


# ਕੂੜੇ-ਕਰਕਟ ਵਿੱਚ ਜਾਣ ਵਾਲੀਆਂ ਬੈਟਰੀਆਂ ਦੀ ਸਟੋਰੇਜ ਅਤੇ ਪ੍ਰਬੰਧਨ - ਦਿਸ਼ਾ-ਨਿਰਦੇਸ਼

ਪ੍ਰਕਾਸ਼ਨ 2018 ਦਸੰਬਰ 2021

# ਕੂੜੇ-ਕਰਕਟ ਵਿੱਚ ਜਾਣ ਵਾਲੀਆਂ ਬੈਟਰੀਆਂ ਦੀ ਸਟੋਰੇਜ ਅਤੇ ਪ੍ਰਬੰਧਨ - ਦਿਸ਼ਾ-ਨਿਰਦੇਸ਼

ਪ੍ਰਕਾਸ਼ਨ 2018 ਦਸੰਬਰ 2021

EPA ਵਿਕਟੋਰੀਆ ਦੁਆਰਾ ਅਧਿਕਾਰਤ ਅਤੇ ਪ੍ਰਕਾਸ਼ਿਤ


Level 3, 200 Victoria Street, Carlton VIC 3053

1300 372 842 (1300 EPA VIC) epa.vic.gov.au

ਇਹ ਪ੍ਰਕਾਸ਼ਨ ਜਾਣਕਾਰੀ ਸਿਰਫ਼ ਆਮ ਮਾਰਗਦਰਸ਼ਨ ਲਈ ਹੈ। ਜੇਕਰ ਤੁਹਾਨੂੰ ਕੋਈ ਖ਼ਾਸ ਚਿੰਤਾ ਹੈ ਤਾਂ ਤੁਹਾਨੂੰ ਪੇਸ਼ੇਵਰ ਸਲਾਹ ਲੈਣੀ ਚਾਹੀਦੀ ਹੈ। EPA ਵਿਕਟੋਰੀਆ ਨੇ ਪ੍ਰਕਾਸ਼ਨ ਦੇ ਸਮੇਂ ਸ਼ੁੱਧਤਾ ਨੂੰ ਯਕੀਨੀ ਬਣਾਉਣ ਲਈ ਹਰ ਉਚਿੱਤ ਕੋਸ਼ਿਸ਼ ਕੀਤੀ ਹੈ।

ਇਹ ਕੰਮ ਕਰੀਏਟਿਵ ਕਾਮਨਜ਼ ਐਟ੍ਰੀਬਿਊਸ਼ਨ 4.0 ਲਾਇਸੈਂਸ ਦੇ ਤਹਿਤ ਲਾਇਸੈਂਸਸ਼ੁਦਾ ਹੈ।

ਇਸ ਪ੍ਰਕਾਸ਼ਨ ਬਾਰੇ ਔਨਲਾਈਨ ਫੀਡਬੈਕ ਦਿਓ: epa.vic.gov.au/publication-feedback



EPA ਐਬੋਰਿਜ਼ਨਲ ਲੋਕਾਂ ਨੂੰ ਉਸ ਜ਼ਮੀਨ ਅਤੇ ਪਾਣੀ ਦੇ ਪਹਿਲੇ ਲੋਕ ਅਤੇ ਪਰੰਪਰਾਗਤ ਸਰਪ੍ਰਸਤਾਂ ਵਜੋਂ ਮੰਨਦਾ ਹੈ ਜਿਸ 'ਤੇ ਅਸੀਂ ਰਹਿੰਦੇ, ਕੰਮ ਕਰਦੇ ਅਤੇ ਨਿਰਭਰ ਕਰਦੇ ਹਾਂ। ਅਸੀਂ ਅਤੀਤ ਅਤੇ ਵਰਤਮਾਨ ਦੇ ਐਬੋਰਿਜ਼ਨਲ ਬਜ਼ੁਰਗਾਂ ਦਾ ਸਤਿਕਾਰ ਕਰਦੇ ਹਾਂ।

ਵਿਕਟੋਰੀਆ ਦੇ ਵਾਤਾਵਰਣ ਰੈਗੂਲੇਟਰ (ਨਿਯੰਤ੍ਰਕ) ਹੋਣ ਦੇ ਨਾਤੇ, ਅਸੀਂ ਇਸ ਗੱਲ ਦਾ ਆਦਰ ਕਰਦੇ ਹਾਂ ਕਿ ਕਿਵੇਂ ਕਈ ਹਜ਼ਾਰਾਂ ਸਾਲਾਂ ਤੋਂ ਐਬੋਰਿਜ਼ਨਲ ਲੋਕਾਂ ਦੁਆਰਾ ਦੇਸ਼ ਦੀ ਰੱਖਿਆ ਅਤੇ ਦੇਖਭਾਲ ਕੀਤੀ ਗਈ ਹੈ।

ਅਸੀਂ ਪਰੰਪਰਾਗਤ ਮਾਲਕਾਂ ਲਈ ਜ਼ਮੀਨ, ਪਾਣੀ ਅਤੇ ਵਾਤਾਵਰਣ ਵਿੱਚ ਮੌਜੂਦ ਸਭ ਕੁੱਝ ਦੇ ਵਿਲੱਖਣ ਅਧਿਆਤਮਿਕ ਅਤੇ ਸੱਭਿਆਚਾਰਕ ਮਹੱਤਵ ਨੂੰ ਸਵੀਕਾਰ ਕਰਦੇ ਹਾਂ, ਅਤੇ ਦੇਸ਼ ਨਾਲ ਉਨ੍ਹਾਂ ਦੇ ਨਿਰੰਤਰ ਚੱਲੇ ਆ ਰਹੇ ਸੰਬੰਧ ਅਤੇ ਇੱਛਾਵਾਂ ਨੂੰ ਪਛਾਣਦੇ ਹਾਂ।

# ਤਤਕਰਾ

ਜਾਣ-ਪਛਾਣ....4

ਬੈਟਰੀਆਂ ਅਤੇ ਉਨ੍ਹਾਂ ਦੇ ਜ਼ੋਖਮ....4

ਈ-ਕੂੜੇ ਵਜੋਂ ਬੈਟਰੀਆਂ ਸੰਬੰਧੀ EPA ਦੇ ਨਿਯਮ....5

ਬੈਟਰੀਆਂ ਅਤੇ ਖ਼ਤਰਨਾਕ ਸਮਾਨ ਸੰਬੰਧੀ WorkSafe (ਵਰਕ-ਸੇਫ਼) ਦੇ ਨਿਯਮ....6

ਆਪਣੇ ਜ਼ੋਖਮਾਂ ਦਾ ਪ੍ਰਬੰਧਨ ਕਰਨਾ....6

ਆਮ ਸਟੋਰੇਜ਼ ਨਿਯੰਤਰਣ ਉਪਾਅ....9

ਕੰਟੇਨਰ ਅਤੇ ਵਿਸਥਾਰ ਪੂਰਵਕ ਸਟੋਰੇਜ ਨਿਯੰਤਰਣ ਉਪਾਅ....10

ਅੱਗ ਨੂੰ ਕਾਬੂ ਕਰਨ ਦੇ ਉਪਾਅ....11

ਆਪਣੀ ਸਹੂਲਤ ਵਿੱਚ ਬੈਟਰੀਆਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਕਰਨਾ....11

ਲੀਕ ਜਾਂ ਨੁਕਸਾਨੀਆਂ ਬੈਟਰੀਆਂ....11

ਲਿਥੀਅਮ-ਆਇਨ ਬੈਟਰੀਆਂ....12

ਕੂੜੇ-ਕਰਕਟ ਵਿੱਚ ਜਾਣ ਵਾਲੀਆਂ ਬੈਟਰੀਆਂ ਦਾ ਮਿਸ਼ਰਤ ਲੋਡ....12

ਲੈਡ ਐਸਿਡ ਬੈਟਰੀਆਂ (ULAB)....12

ਕੂੜਾ-ਕਰਕਟ ਵਿੱਚ ਜਾਣ ਵਾਲੀਆਂ ਬੈਟਰੀਆਂ ਦੀ ਢੋਅ-ਢੁਆਈ....13

ਹੋਰ ਜਾਣਕਾਰੀ ਪੜ੍ਹਨ ਲਈ....14

# ਕੂੜੇ-ਕਰਕਟ ਵਿੱਚ ਜਾਣ ਵਾਲੀਆਂ ਬੈਟਰੀਆਂ ਦੀ ਸਟੋਰੇਜ ਅਤੇ ਪ੍ਰਬੰਧਨ - ਦਿਸ਼ਾ-ਨਿਰਦੇਸ਼

## ਜਾਣ-ਪਛਾਣ

ਕੂੜੇ ਵਿੱਚ ਜਾਣ ਵਾਲੀਆਂ ਬੈਟਰੀਆਂ ਨੂੰ ਇਕੱਠਾ ਕਰਨਾ ਅਤੇ ਰੀਸਾਈਕਲ ਕਰਨਾ ਸਥਾਨਕ ਸਰਕਾਰਾਂ ਅਤੇ ਕਾਰੋਬਾਰਾਂ ਦੁਆਰਾ ਪ੍ਰਦਾਨ ਕੀਤੀ ਜਾਂਦੀ ਇੱਕ ਮਹੱਤਵਪੂਰਨ ਸੇਵਾ ਹੈ। ਸਾਰੀਆਂ ਕੂੜੇ-ਕਰਕਟ ਵਿੱਚ ਜਾਣ ਵਾਲੀਆਂ ਬੈਟਰੀਆਂ ਨੂੰ ਇਲੈਕਟ੍ਰਾਨਿਕ ਵੇਸਟ (ਈ-ਕੂੜਾ) ਮੰਨਿਆ ਜਾਂਦਾ ਹੈ ਅਤੇ ਜ਼ਮੀਨ ਵਿੱਚ ਦੱਬਣ ਵਾਲੇ ਕੂੜੇ (ਲੈਂਡਫਿਲ) ਵਿੱਚ ਸੁੱਟੇ ਜਾਣ 'ਤੇ ਪਾਬੰਦੀ ਹੈ।

ਇਹ ਦਿਸ਼ਾ-ਨਿਰਦੇਸ਼ ਕੂੜਾ-ਕਰਕਟ ਅਤੇ ਸਰੋਤ ਰਿਕਵਰੀ ਸਹੂਲਤਾਂ ਜਿਵੇਂ ਕਿ ਈ-ਕੂੜਾ ਟ੍ਰਾਂਸਫਰ ਸਟੇਸ਼ਨ, ਸਮੱਗਰੀ ਰੀਸਾਈਕਲਿੰਗ ਸੁਵਿਧਾਵਾਂ ਅਤੇ ਰੀਪ੍ਰੋਸੈਸਿੰਗ ਸੁਵਿਧਾਵਾਂ 'ਤੇ ਲਾਗੂ ਹੁੰਦੇ ਹਨ ਜੋ ਕੂੜੇ-ਕਰਕਟ ਵਿੱਚ ਜਾਣ ਵਾਲੀਆਂ ਬੈਟਰੀਆਂ ਨੂੰ ਪ੍ਰਾਪਤ, ਸਟੋਰ ਜਾਂ ਟ੍ਰਾਂਸਪੋਰਟ ਕਰਦੇ ਹਨ।

ਇਹ ਦਿਸ਼ਾ-ਨਿਰਦੇਸ਼ ਕੂੜੇ-ਕਰਕਟ ਵਿੱਚ ਜਾਣ ਵਾਲੀਆਂ ਬੈਟਰੀਆਂ ਦੇ ਪ੍ਰਬੰਧਨ ਜਾਂ ਨਿਯੰਤਰਣ ਵਿੱਚ ਲੋਕਾਂ ਦੀ ਮੱਦਦ ਕਰਨ ਲਈ ਤਿਆਰ ਕੀਤਾ ਗਿਆ ਹੈ। ਇਹ ਦੱਸਦਾ ਹੈ ਕਿ ਵੱਖ-ਵੱਖ ਕਿਸਮਾਂ ਦੀਆਂ ਕੂੜੇ-ਕਰਕਟ ਵਿੱਚ ਜਾਣ ਵਾਲੀਆਂ ਬੈਟਰੀਆਂ ਨੂੰ ਇਕੱਠਾ ਅਤੇ ਸਟੋਰ ਕਰਨ ਦਾ ਪ੍ਰਬੰਧ ਕਿਵੇਂ ਕਰਨਾ ਹੈ।




## ਬੈਟਰੀਆਂ ਅਤੇ ਉਨ੍ਹਾਂ ਦੇ ਜ਼ੋਖਮ

ਅੱਜ-ਕੱਲ੍ਹ ਕਈ ਤਰ੍ਹਾਂ ਦੀਆਂ ਬੈਟਰੀਆਂ ਵਰਤੋਂ ਵਿੱਚ ਹਨ। ਬੈਟਰੀ ਦੇ ਰਸਾਇਣ ਅਤੇ ਵਿਸ਼ੇਸ਼ਤਾਵਾਂ ਕਿਸਮ ਦੇ ਅਧਾਰ 'ਤੇ ਵੱਖ-ਵੱਖ ਹੁੰਦੀਆਂ ਹਨ। ਇਸਦਾ ਮਤਲਬ ਹੈ ਕਿ ਵੱਖ-ਵੱਖ ਕਿਸਮਾਂ ਦੀਆਂ ਬੈਟਰੀਆਂ ਦੇ ਮਨੁੱਖੀ ਸਿਹਤ ਅਤੇ ਵਾਤਾਵਰਣ ਲਈ ਵੱਖ-ਵੱਖ ਖ਼ਤਰੇ ਅਤੇ ਜ਼ੋਖਮ ਹੁੰਦੇ ਹਨ।

ਇਹ ਮਹੱਤਵਪੂਰਨ ਹੈ ਕਿ ਤੁਸੀਂ ਕੂੜੇ ਵਿੱਚ ਜਾਣ ਵਾਲੀਆਂ ਬੈਟਰੀਆਂ ਦੀਆਂ ਕਿਸਮਾਂ ਤੋਂ ਹੋਣ ਵਾਲੇ ਨੁਕਸਾਨ ਦੇ ਖ਼ਾਸ ਵੱਖ-ਵੱਖ ਜ਼ੋਖਮਾਂ ਨੂੰ ਸਮਝੋ।

ਬੈਟਰੀਆਂ ਜਲਣਸ਼ੀਲ, ਬਲਣਸ਼ੀਲ, ਖੋਰੂ ਅਤੇ ਵਾਤਾਵਰਣ ਅਤੇ ਮਨੁੱਖੀ ਸਿਹਤ ਲਈ ਜ਼ਹਿਰੀਲੀਆਂ ਹੋ ਸਕਦੀਆਂ ਹਨ। ਉਹ ਗੈਸਾਂ ਦਾ ਨਿਕਾਸ ਕਰ ਸਕਦੀਆਂ ਹਨ, ਤਰਲ ਪਦਾਰਥ ਲੀਕ ਕਰ ਸਕਦੀਆਂ ਹਨ, ਚੰਗਿਆੜੀਆਂ ਪੈਦਾ ਕਰ ਸਕਦੀਆਂ ਹਨ ਅਤੇ ਅੱਗ ਲੱਗਣ ਦਾ ਸਰੋਤ ਬਣ ਸਕਦੀਆਂ ਹਨ।

ਜਿੱਥੋਂ ਤੱਕ ਵਾਜਬ ਤੌਰ 'ਤੇ ਵਿਵਹਾਰਕ ਹੈ, ਮਨੁੱਖੀ ਸਿਹਤ ਅਤੇ ਵਾਤਾਵਰਣ ਲਈ ਇਨ੍ਹਾਂ ਖ਼ਤਰਿਆਂ ਨੂੰ ਖ਼ਤਮ ਕਰਨ ਜਾਂ ਘੱਟ ਕਰਨਾ ਤੁਹਾਡਾ ਫਰਜ਼ ਹੈ।



ਕੀ ਤੁਸੀਂ ਆਸਟ੍ਰੇਲੀਅਨ ਬੈਟਰੀ ਸਟੀਵਰਡਸ਼ਿਪ ਸਕੀਮ (Australian Battery Stewardship Scheme) ਬਾਰੇ ਸੁਣਿਆ ਹੈ?

ਸਟੀਵਰਡਸ਼ਿਪ ਸਕੀਮ ਰਾਸ਼ਟਰੀ ਪੱਧਰ 'ਤੇ ਕੂੜੇ ਵਿੱਚ ਸੁੱਟੀਆਂ ਜਾਣ ਵਾਲੀਆਂ ਬੈਟਰੀਆਂ ਦੇ ਪ੍ਰਬੰਧਨ, ਸਰੋਤ ਰਿਕਵਰੀ, ਅਤੇ ਕੰਮ ਵਾਲੀ ਥਾਂ ਦੀ ਸੁਰੱਖਿਆ ਨੂੰ ਬਿਹਤਰ ਬਣਾਉਣ ਵਿੱਚ ਮੱਦਦ ਕਰਨ ਲਈ ਕੰਮ ਕਰੇਗੀ। ਸਟੀਵਰਡਸ਼ਿਪ ਸਕੀਮ ਨਾਲ ਜੁੜਨਾ ਤੁਹਾਨੂੰ ਤੁਹਾਡੀਆਂ ਵਾਤਾਵਰਣ ਸੰਬੰਧੀ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਵਿੱਚ ਮੱਦਦ ਕਰ ਸਕਦਾ ਹੈ। ਸਟੀਵਾਰਡਸ਼ਿਪ ਸਕੀਮ ਵਿੱਚ ਕਿਵੇਂ ਸ਼ਾਮਲ ਹੋਣਾ ਹੈ ਇਸ ਬਾਰੇ ਹੋਰ ਜਾਣਕਾਰੀ ਲਈ, ਬੈਟਰੀ ਸਟੀਵਰਡਸ਼ਿਪ ਕੌਂਸਲ (Battery Stewardship Council) ਦੀ ਵੈੱਬਸਾਈਟ ' ਤੇ ਜਾਓ।

# ਕੂੜੇ-ਕਰਕਟ ਵਿੱਚ ਜਾਣ ਵਾਲੀਆਂ ਬੈਟਰੀਆਂ ਦੀ ਸਟੋਰੇਜ ਅਤੇ ਪ੍ਰਬੰਧਨ - ਦਿਸ਼ਾ-ਨਿਰਦੇਸ਼

## ਈ-ਕੂੜੇ ਵਜੋਂ ਬੈਟਰੀਆਂ ਸੰਬੰਧੀ EPA ਦੇ ਨਿਯਮ

ਵਿਕਟੋਰੀਆ ਵਿਚਲੇ ਵਾਤਾਵਰਨ ਸੁਰੱਖਿਆ ਕਾਨੂੰਨ ਤੁਹਾਨੂੰ ਪ੍ਰਦੂਸ਼ਣ ਅਤੇ ਕੂੜੇ-ਕਰਕਟ ਤੋਂ ਹੋਣ ਵਾਲੇ ਨੁਕਸਾਨ ਦੇ ਜ਼ੋਖਮਾਂ ਦਾ ਪ੍ਰਬੰਧਨ ਕਰਨ ਲਈ ਉਨ੍ਹਾਂ ਦੇ ਵਾਪਰਨ ਤੋਂ ਪਹਿਲਾਂ ਕਿਰਿਆਸ਼ੀਲ ਕਦਮ ਚੁੱਕਣ ਦੀ ਮੰਗ ਕਰਦੇ ਹਨ। ਇਸ ਵਿੱਚ Environment Protection Act 2017 (ਵਾਤਾਵਰਨ ਸੁਰੱਖਿਆ ਐਕਟ 2017)(EP ਕਾਨੂੰਨ) ਅਤੇ Environment Protection Regulations 2021 (ਵਾਤਾਵਰਨ ਸੁਰੱਖਿਆ ਨਿਯਮ 2021)(EP ਨਿਯਮ) ਸ਼ਾਮਲ ਹਨ। ਹੇਠਾਂ ਦਿੱਤੀ ਸਾਰਣੀ 1 ਤੁਹਾਡੀਆਂ ਕੁੱਝ ਮੁੱਖ ਕਾਨੂੰਨ ਸੰਬੰਧੀ ਸ਼ਰਤਾਂ ਨੂੰ ਦਰਸਾਉਂਦੀ ਹੈ।

ਸਾਰਣੀ 1: ਸ਼ਰਤਾਂ ਜੋ ਕੂੜੇ ਵਿੱਚ ਸੁੱਟੀਆਂ ਜਾਣ ਵਾਲੀਆਂ ਬੈਟਰੀਆਂ ਦੇ ਪ੍ਰਬੰਧਨ 'ਤੇ ਲਾਗੂ ਹੁੰਦੀਆਂ ਹਨ।

| ਤੁਹਾਡੀਆਂ ਵਾਤਾਵਰਣ ਸੰਬੰਧੀ ਸ਼ਰਤਾਂ | |
|---|---|
| **EP ਕਾਨੂੰਨ ਆਮ ਵਾਤਾਵਰਣ ਸੰਬੰਧੀ ਡਿਊਟੀ (GED) ਅਤੇ ਤਰਜੀਹੀ ਕੂੜੇ-ਕਰਕਟ ਡਿਊਟੀ ਅਤੇ ਰਿਪੋਰਟ ਕਰਨ ਯੋਗ ਤਰਜੀਹੀ ਕੂੜੇ-ਕਰਕਟ ਡਿਊਟੀ** | • EP ਕਾਨੂੰਨ ਤੁਹਾਡੇ ਵਿਆਪਕ ਫਰਜ਼ਾਂ ਦੀ ਰੂਪਰੇਖਾ ਦਿੰਦਾ ਹੈ<br>• GED[1] ਹਰੇਕ ਉਸ ਵਿਅਕਤੀ 'ਤੇ ਲਾਗੂ ਹੁੰਦਾ ਹੈ ਜੋ ਕਿਸੇ ਅਜਿਹੀ ਗਤੀਵਿਧੀ ਵਿੱਚ ਸ਼ਾਮਲ ਹੁੰਦਾ ਹੈ ਜੋ ਮਨੁੱਖੀ ਸਿਹਤ ਜਾਂ ਵਾਤਾਵਰਣ ਨੂੰ ਪ੍ਰਦੂਸ਼ਣ ਜਾਂ ਕੂੜੇ-ਕਰਕਟ ਤੋਂ ਹੋਣ ਵਾਲੇ ਨੁਕਸਾਨ ਦੇ ਜ਼ੋਖਮ ਨੂੰ ਵਧਾ ਸਕਦੀ ਹੈ। ਜਿੱਥੋਂ ਤੱਕ ਵਾਜਬ ਤੌਰ 'ਤੇ ਵਿਵਹਾਰਕ ਹੈ ਉਸ ਵਿਅਕਤੀ ਦਾ ਆਪਣੇ ਨੁਕਸਾਨ ਦੇ ਜ਼ੋਖਮਾਂ ਨੂੰ ਘੱਟ ਤੋਂ ਘੱਟ ਕਰਨਾ ਲਾਜ਼ਮੀ ਹੈ।<br>• ਇਸ ਵਿੱਚ ਇੱਕ ਵਿਅਕਤੀ ਜਾਂ ਕਾਰੋਬਾਰ ਸ਼ਾਮਲ ਹੈ ਜੋ ਈ-ਕੂੜੇ (ਕਿਸੇ ਵੀ ਕਿਸਮ ਦੀਆਂ ਕੂੜੇ ਵਿੱਚ ਸੁੱਟੀਆਂ ਜਾਣ ਵਾਲੀਆਂ ਬੈਟਰੀਆਂ) ਜਾਂ ਨਿਰਧਾਰਤ ਈ-ਕੂੜੇ (ਜਿਵੇਂ ਕਿ ਰੀਚਾਰਜਯੋਗ ਬੈਟਰੀਆਂ) ਨੂੰ ਇਕੱਠਾ ਕਰਨ, ਸਟੋਰੇਜ, ਹੈਂਡਲਿੰਗ, ਟ੍ਰਾਂਸਪੋਰਟ ਜਾਂ ਰੀਪ੍ਰੋਸੈਸਿੰਗ ਲਈ ਸਵੀਕਾਰ ਕਰਦਾ ਹੈ।<br>• ਜ਼ਿਆਦਾਤਰ ਬੈਟਰੀਆਂ ਨੂੰ ਤਰਜੀਹੀ ਕੂੜੇ-ਕਰਕਟ (EPA ਕੂੜਾ-ਕਰਕਟ ਵਰਗੀਕਰਣ: ਈ-ਵੇਸਟ, ਕੂੜਾ-ਕਰਕਟ ਕੋਡ T300) ਦੇ ਰੂਪ ਵਿੱਚ ਸ਼੍ਰੇਣੀਬੱਧ ਕੀਤਾ ਜਾਂਦਾ ਹੈ ਅਤੇ ਉਹਨਾਂ ਦੀਆਂ ਕੂੜੇ ਦੀਆਂ ਡਿਊਟੀਆਂ[2] ਹੁੰਦੀਆਂ ਹਨ ਕਿਉਂਕਿ ਉਹ ਤੁਹਾਡੀਆਂ ਗਤੀਵਿਧੀਆਂ 'ਤੇ ਲਾਗੂ ਹੁੰਦੀਆਂ ਹਨ।<br>• ਲੈਡ-ਐਸਿਡ ਬੈਟਰੀਆਂ (ਕੂੜਾ-ਕਰਕਟ ਕੋਡ D220) ਅਤੇ ਨਿੱਕਲ-ਕੈਡਮੀਅਮ ਬੈਟਰੀਆਂ (ਕੂੜਾ-ਕਰਕਟ ਕੋਡ D150) ਨੂੰ ਰਿਪੋਰਟ ਕਰਨ ਯੋਗ ਤਰਜੀਹੀ ਕੂੜਾ-ਕਰਕਟ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ।<br><br>ਲੈਡ-ਐਸਿਡ ਜਾਂ ਨਿੱਕਲ-ਕੈਡਮੀਅਮ ਬੈਟਰੀਆਂ ਦੀ ਛੋਟੀ ਮਾਤਰਾ ਨੂੰ ਸੰਭਾਲਣ ਵਾਲੇ ਕਾਰੋਬਾਰਾਂ ਲਈ ਇਨ੍ਹਾਂ ਪ੍ਰਬੰਧਨ ਅਤੇ ਆਵਾਜਾਈ ਸੰਬੰਧੀ ਸ਼ਰਤਾਂ ਲਈ EPA ਦੀਆਂ ਉਮੀਦਾਂ ਬਾਰੇ ਤਾਜ਼ਾ ਜਾਣਕਾਰੀ ਲਈ ਕਿਰਪਾ ਕਰਕੇ EPA ਦੀ ਵੈੱਬਸਾਈਟ ਵੇਖੋ। |
| **EP ਨਿਯਮ (ਮੰਨਜ਼ੂਰੀਆਂ ਸਮੇਤ)** | • EP ਨਿਯਮ EP ਕਾਨੂੰਨ ਦੇ ਨਾਲ-ਨਾਲ ਲਾਗੂ ਹੁੰਦੇ ਹਨ ਜੋ ਇਸ ਬਾਰੇ ਨਿਸ਼ਚਤਤਾ ਅਤੇ ਵੇਰਵੇ ਪ੍ਰਦਾਨ ਕਰਦੇ ਹਨ ਕਿ ਕਾਨੂੰਨੀ ਜ਼ਿੰਮੇਵਾਰੀਆਂ ਨੂੰ ਕਿਵੇਂ ਪੂਰਾ ਕਰਨਾ ਹੈ।<br>• ਮੰਨਜ਼ੂਰੀਆਂ (ਜਿਵੇਂ ਕਿ ਲਾਇਸੈਂਸ, ਪਰਮਿਟ, ਰਜਿਸਟ੍ਰੇਸ਼ਨ) ਤੁਹਾਨੂੰ ਕਾਨੂੰਨੀ ਤੌਰ 'ਤੇ ਤੁਹਾਡੀ ਸਹੂਲਤ 'ਤੇ ਕੂੜਾ-ਕਰਕਟ ਅਤੇ ਰੀਸਾਈਕਲ ਕਰਨ ਯੋਗ ਸਮੱਗਰੀ ਪ੍ਰਾਪਤ ਕਰਨ ਦੀ ਇਜਾਜ਼ਤ ਦਿੰਦੀਆਂ ਹਨ। ਉਹ ਇਹ ਵੀ ਯਕੀਨੀ ਬਣਾਉਂਦੀਆਂ ਹਨ ਕਿ ਤੁਹਾਡੀ ਸਹੂਲਤ 'ਤੇ ਕੁੱਝ ਮਾਪਦੰਡ ਅਤੇ ਸ਼ਰਤਾਂ ਪੂਰੀਆਂ ਹੁੰਦੀਆਂ ਹਨ।<br>• ਪ੍ਰਤੀ ਸਾਲ 500 ਟਨ ਤੋਂ ਵੱਧ ਦੀ ਡਿਜ਼ਾਈਨ ਸਮਰੱਥਾ 'ਤੇ ਨਿਰਧਾਰਤ ਈ-ਕੂੜੇ ਨੂੰ ਮੁੜ ਪ੍ਰੋਸੈਸ ਕਰਨ ਵੇਲੇ A02b ਲਾਇਸੈਂਸ ਮੰਨਜ਼ੂਰੀ ਦੀ ਲੋੜ ਹੁੰਦੀ ਹੈ।<br>• ਜਦੋਂ ਪ੍ਰਤੀ ਸਾਲ 500 ਟਨ ਤੋਂ ਘੱਟ ਦੀ ਡਿਜ਼ਾਈਨ ਸਮਰੱਥਾ 'ਤੇ ਨਿਰਧਾਰਤ ਈ-ਕੂੜੇ ਨੂੰ ਮੁੜ ਪ੍ਰੋਸੈਸ ਕੀਤਾ ਜਾਂਦਾ ਹੈ ਤਾਂ A02c ਰਜਿਸਟ੍ਰੇਸ਼ਨ ਮੰਨਜ਼ੂਰੀ ਦੀ ਲੋੜ ਹੁੰਦੀ ਹੈ।<br>• A13 ਮੰਨਜ਼ੂਰੀ ਕੂੜਾ-ਕਰਕਟ ਅਤੇ ਸਰੋਤ ਰਿਕਵਰੀ ਮੰਨਜ਼ੂਰੀ (ਲਾਇਸੈਂਸ, ਪਰਮਿਟ ਜਾਂ ਰਜਿਸਟ੍ਰੇਸ਼ਨ ਮਾਤਰਾ ਅਤੇ ਪ੍ਰਾਪਤ ਕੀਤੇ ਕੂੜੇ ਦੀਆਂ ਕਿਸਮਾਂ 'ਤੇ ਨਿਰਭਰ ਕਰਦਾ ਹੈ) ਗ਼ੈਰ-ਨਿਰਧਾਰਤ ਈ-ਕੂੜਾ (ਨਾਨ-ਰੀਚਾਰਜਯੋਗ ਬੈਟਰੀਆਂ) ਸਮੇਤ ਕਈ ਕਿਸਮਾਂ ਦੇ ਕੂੜੇ-ਕਰਕਟ ਨੂੰ ਪ੍ਰਾਪਤ ਕਰਨ, ਸਟੋਰੇਜ ਅਤੇ ਪ੍ਰੋਸੈਸਿੰਗ ਲਈ ਲੋੜੀਂਦੀ ਹੈ। |

**ਨੋਟ:** ਕੂੜਾ-ਕਰਕਟ ਨਿਪਟਾਰਾ ਨੀਤੀ (ਈ-ਕੂੜਾ) ਅਤੇ ਕੂੜਾ-ਕਰਕਟ ਨਿਪਟਾਰਾ ਨੀਤੀ (ਜਲਣਸ਼ੀਲ ਰੀਸਾਈਕਲ ਕਰਨ ਯੋਗ ਅਤੇ ਕੂੜਾ-ਕਰਕਟ ਸਮੱਗਰੀ) ਪਹਿਲਾਂ ਵਾਤਾਵਰਣ ਸੁਰੱਖਿਆ ਐਕਟ 1970 ਦੇ ਹਿੱਸੇ ਵਜੋਂ ਕੂੜੇ-ਕਰਕਟ ਵਿੱਚ ਜਾਣ ਵਾਲੀਆਂ ਬੈਟਰੀਆਂ ਨੂੰ ਨਿਯਮਤ ਕਰਨ ਲਈ ਵਰਤੀ ਜਾਂਦੀ ਸੀ। 1 ਜੁਲਾਈ 2021 ਤੋਂ ਲਾਗੂ, ਆਪਣੇ ਕਾਨੂੰਨੀ ਕਰਤੱਵਾਂ ਅਤੇ ਸ਼ਰਤਾਂ ਨੂੰ ਸਮਝਣ ਲਈ ਸਾਰਣੀ 1 ਨੂੰ ਵੇਖੋ।

[1] ਇਹ ਡਿਊਟੀ ਵਾਤਾਵਰਨ ਸੁਰੱਖਿਆ ਐਕਟ 2017 (EP ਕਾਨੂੰਨ) *ਦੀ ਧਾਰਾ 25 ਆਮ ਵਾਤਾਵਰਨ ਡਿਊਟੀ* ਦਾ ਹਵਾਲਾ ਦਿੰਦੀ ਹੈ।

[2] ਇਹ ਡਿਊਟੀਆਂ EP ਕਾਨੂੰਨ *ਦੀ ਧਾਰਾ 135 ਉਦਯੋਗਿਕ ਕੂੜਾ-ਕਰਕਟ ਦੀ ਢੋਅ-ਢੁਆਈ ਵਿੱਚ ਸ਼ਾਮਲ ਵਿਅਕਤੀਆਂ ਦੀ ਡਿਊਟੀ ਅਤੇ ਧਾਰਾ 139 ਤਰਜੀਹੀ ਕੂੜਾ-ਕਰਕਟ ਦਾ ਪ੍ਰਬੰਧਨ ਕਰਨ ਵਾਲੇ ਵਿਅਕਤੀਆਂ* ਦੀ ਡਿਊਟੀ ਦਾ ਹਵਾਲਾ ਦਿੰਦੀਆਂ ਹਨ।

# ਕੂੜੇ-ਕਰਕਟ ਵਿੱਚ ਜਾਣ ਵਾਲੀਆਂ ਬੈਟਰੀਆਂ ਦੀ ਸਟੋਰੇਜ ਅਤੇ ਪ੍ਰਬੰਧਨ - ਦਿਸ਼ਾ-ਨਿਰਦੇਸ਼

## ਬੈਟਰੀਆਂ ਅਤੇ ਖ਼ਤਰਨਾਕ ਸਮਾਨ ਸੰਬੰਧੀ WorkSafe (ਵਰਕ-ਸੇਫ਼) ਦੇ ਨਿਯਮ

ਬੈਟਰੀਆਂ ਜਿਵੇਂ ਕਿ ਲਿਥੀਅਮ, ਅਲਕਾਲਾਈਨ, ਨਿੱਕਲ ਕੈਡਮੀਅਮ, ਅਤੇ ਲੈਡ-ਐਸਿਡ ਨੂੰ ਵਿਕਟੋਰੀਆ ਖ਼ਤਰਨਾਕ ਚੀਜ਼ਾਂ ਐਕਟ 1985 (Victoria Dangerous Goods Act 1985) ਦੇ ਤਹਿਤ ਖ਼ਤਰਨਾਕ ਵਸਤੂਆਂ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ।

ਖ਼ਤਰਨਾਕ ਵਸਤੂਆਂ ਦੀ ਸਟੋਰੇਜ ਅਤੇ ਆਵਾਜਾਈ ਨੂੰ WorkSafe ਦੁਆਰਾ ਨਿਯੰਤ੍ਰਿਤ ਕੀਤਾ ਜਾਂਦਾ ਹੈ:

- ਖ਼ਤਰਨਾਕ ਚੀਜ਼ਾਂ (ਸਟੋਰੇਜ ਅਤੇ ਹੈਂਡਲਿੰਗ) ਰੈਗੂਲੇਸ਼ਨਜ਼ 2012; ਅਤੇ ਖ਼ਤਰਨਾਕ ਚੀਜ਼ਾਂ (ਸਟੋਰੇਜ ਅਤੇ ਹੈਂਡਲਿੰਗ) ਸੋਧ (ਨੋਟੀਫਿਕੇਸ਼ਨ) ਰੈਗੂਲੇਸ਼ਨਜ਼ 2021 ਦੁਆਰਾ **ਸਟੋਰੇਜ ਕਰਨਾ**; ਅਤੇ
- ਖ਼ਤਰਨਾਕ ਵਸਤੂਆਂ (ਸੜਕ ਜਾਂ ਰੇਲ ਦੁਆਰਾ ਆਵਾਜਾਈ) ਨਿਯਮ 2018 ਅਤੇ ਸੜਕ ਅਤੇ ਰੇਲ ਦੁਆਰਾ ਖ਼ਤਰਨਾਕ ਸਮਾਨ ਦੀ ਆਵਾਜਾਈ ਲਈ ਆਸਟ੍ਰੇਲੀਆਈ ਕੋਡ (ADG ਕੋਡ) ਦੁਆਰਾ **ਆਵਾਜਾਈ।**

## ਆਪਣੇ ਜ਼ੋਖਮਾਂ ਦਾ ਪ੍ਰਬੰਧਨ ਕਰਨਾ

ਤੁਹਾਡੀ ਸਹੂਲਤ 'ਤੇ ਕੂੜੇ-ਕਰਕਟ ਵਿੱਚ ਜਾਣ ਵਾਲੀਆਂ ਬੈਟਰੀਆਂ ਤੋਂ ਜ਼ੋਖਮਾਂ ਦਾ ਪ੍ਰਬੰਧਨ ਕਰਨਾ ਇੱਕ ਨਿਰੰਤਰ ਚੱਲਦੀ ਰਹਿਣ ਵਾਲੀ ਜ਼ਿੰਮੇਵਾਰੀ ਹੈ। ਜ਼ੋਖਮ ਮੁਲਾਂਕਣ ਕਰਨ ਨਾਲ ਤੁਹਾਨੂੰ ਇਹ ਸਮਝਣ ਵਿੱਚ ਮੱਦਦ ਮਿਲੇਗੀ ਕਿ ਆਪਣੇ ਖ਼ਤਰਿਆਂ ਅਤੇ ਜ਼ੋਖਮਾਂ ਦਾ ਪ੍ਰਬੰਧਨ ਕਿਵੇਂ ਕਰਨਾ ਹੈ।

ਜ਼ੋਖਮ ਦਾ ਮੁਲਾਂਕਣ ਅਤੇ ਨਿਯੰਤਰਣ ਕਰਨ ਦੀ ਵਿਧੀ ਦੇ ਚਾਰ ਪੜਾਅ ਹਨ (ਚਿੱਤਰ 1 ਵੇਖੋ)। ਇਹ ਵਿਧੀ ਇੱਕ ਨਿਰੰਤਰ ਚੱਲਦੀ ਰਹਿਣ ਵਾਲੀ ਪ੍ਰਕਿਰਿਆ ਹੈ ਜੋ ਇੱਕ ਨਿਯੰਤਰਣ ਉਪਾਅ ਦੇ ਲਾਗੂ ਹੋਣ ਤੋਂ ਬਾਅਦ ਪੜਾਅ 1 'ਤੇ ਵਾਪਸ ਆ ਜਾਂਦੀ ਹੈ। ਆਪਣੇ ਜ਼ੋਖਮਾਂ ਨੂੰ ਪੂਰਾ ਕਰਨ ਅਤੇ ਦਸਤਾਵੇਜ਼ ਬਣਾਉਣ ਬਾਰੇ ਵਧੇਰੇ ਮਾਰਗਦਰਸ਼ਨ ਲਈ 'ਜ਼ੋਖਮ *ਮੁਲਾਂਕਣ ਅਤੇ ਨਿਯੰਤਰਣ: ਕਾਰੋਬਾਰ ਲਈ ਇੱਕ ਗਾਈਡ* (EPA ਪ੍ਰਕਾਸ਼ਨ 1695)' ਵੇਖੋ।




ਚਿੱਤਰ 1: ਖ਼ਤਰਿਆਂ ਅਤੇ ਜ਼ੋਖਮਾਂ ਨੂੰ ਨਿਯੰਤਰਿਤ ਕਰਨ ਲਈ ਪੜਾਅ

| ਪੜਾਅ | ਕਾਰਵਾਈ | ਵਰਣਨ |
|---|---|---|
| 1 | **ਖ਼ਤਰਿਆਂ ਦੀ ਪਛਾਣ ਕਰੋ** | ਕੂੜੇ-ਕਰਕਟ ਵਿੱਚ ਜਾਣ ਵਾਲੀਆਂ ਬੈਟਰੀਆਂ ਤੋਂ ਹੋਣ ਵਾਲੇ ਸਾਰੇ ਖ਼ਤਰਿਆਂ (ਜਿਵੇਂ ਕਿ ਅੱਗ, ਰਸਾਇਣਕ ਰਿਸਾਵ) ਦੀ ਪਛਾਣ ਕਰੋ ਜੋ ਮਨੁੱਖੀ ਸਿਹਤ ਅਤੇ ਵਾਤਾਵਰਣ ਨੂੰ ਨੁਕਸਾਨ ਪਹੁੰਚਾ ਸਕਦੇ ਹਨ। |
| 2 | **ਜ਼ੋਖਮਾਂ ਦਾ ਮੁਲਾਂਕਣ ਕਰੋ** | ਉਸ ਖ਼ਤਰੇ ਵੱਲੋਂ ਕੀਤੇ ਜਾਣ ਵਾਲੇ ਨੁਕਸਾਨ ਦੀ ਸੰਭਾਵਨਾ, ਅਤੇ ਉਸ ਨੁਕਸਾਨ ਤੋਂ ਨਿਕਲਣ ਵਾਲੇ ਸਿੱਟਿਆਂ ਦੇ ਆਧਾਰ 'ਤੇ ਜ਼ੋਖਮ ਦਾ ਮੁਲਾਂਕਣ ਕਰੋ। |
| 3 | **ਨਿਯੰਤਰਣ ਉਪਾਅ ਲਾਗੂ ਕਰੋ** | ਉੱਚ ਪੱਧਰੀ ਸੁਰੱਖਿਆ ਅਤੇ ਭਰੋਸੇਯੋਗਤਾ ਦੀ ਚੋਣ ਕਰਨ ਦੇ ਉਦੇਸ਼ ਨਾਲ, ਤੁਹਾਡੇ ਕਾਰੋਬਾਰ ਲਈ ਵਾਜਬ ਤੌਰ 'ਤੇ ਵਿਹਾਰਕ ਕੀ ਹੈ, ਦੇ ਆਧਾਰ 'ਤੇ ਢੁੱਕਵੇਂ ਨਿਯੰਤਰਣ ਉਪਾਵਾਂ ਨੂੰ ਲਾਗੂ ਕਰੋ। |
| 4 | **ਨਿਯੰਤਰਣ ਉਪਾਵਾਂ ਦੀ ਜਾਂਚ ਕਰੋ** | ਇਹ ਯਕੀਨੀ ਬਣਾਉਣ ਲਈ ਨਿਯਮਿਤ ਤੌਰ 'ਤੇ ਨਿਯੰਤਰਣ ਉਪਾਵਾਂ ਦੀ ਜਾਂਚ ਕਰੋ ਕਿ ਉਹ ਕੰਮ ਕਰ ਰਹੇ ਹਨ, ਚੰਗੀ ਤਰ੍ਹਾਂ ਰੱਖ-ਰਖਾਅ ਕੀਤੇ ਜਾ ਰਹੇ ਹਨ, ਪ੍ਰਭਾਵੀ ਹਨ ਅਤੇ ਹਾਲੇ ਵੀ ਸਭ ਤੋਂ ਵੱਧ ਢੁੱਕਵੇਂ ਵਿਕਲਪ ਹਨ। ਇਸ ਪ੍ਰਕਿਰਿਆ ਵਿੱਚ ਨਿਯੰਤਰਣ ਉਪਾਵਾਂ ਦੀ ਨਿਗਰਾਨੀ ਕਰਨਾ ਅਤੇ ਉਨ੍ਹਾਂ ਦੀ ਪ੍ਰਭਾਵਸ਼ੀਲਤਾ ਵਿੱਚ ਸੁਧਾਰ ਕਰਨ ਲਈ ਕੀਤੇ ਜਾਣ ਵਾਲੇ ਕਿਸੇ ਵੀ ਬਦਲਾਅ ਦੀ ਪਛਾਣ ਕਰਨਾ ਸ਼ਾਮਲ ਹੈ। |

# ਕੂੜੇ-ਕਰਕਟ ਵਿੱਚ ਜਾਣ ਵਾਲੀਆਂ ਬੈਟਰੀਆਂ ਦੀ ਸਟੋਰੇਜ ਅਤੇ ਪ੍ਰਬੰਧਨ - ਦਿਸ਼ਾ-ਨਿਰਦੇਸ਼

ਵੱਖ-ਵੱਖ ਬੈਟਰੀ ਦੀਆਂ ਕਿਸਮਾਂ ਦੇ ਖ਼ਤਰਿਆਂ ਅਤੇ ਜ਼ੋਖਮਾਂ ਬਾਰੇ ਜਾਣਕਾਰੀ ਲਈ ਅਗਲੇ ਪੰਨੇ 'ਤੇ ਸਾਰਣੀ 2 ਵੇਖੋ। ਕੂੜੇ ਵਿੱਚ ਜਾਣ ਵਾਲੀਆਂ ਬੈਟਰੀਆਂ ਦੇ ਪ੍ਰਬੰਧਨ ਅਤੇ ਸਟੋਰੇਜ ਨਾਲ ਸੰਬੰਧਿਤ ਗਤੀਵਿਧੀ ਕਰਨ ਵਾਲੇ ਕਰਮਚਾਰੀਆਂ ਅਤੇ ਵਿਅਕਤੀਆਂ ਨੂੰ ਇਹ ਜਾਣਕਾਰੀ ਪ੍ਰਦਾਨ ਕਰੋ।

ਜ਼ੋਖਮ ਮੁਲਾਂਕਣ ਨੂੰ ਪੂਰਾ ਕਰਨਾ ਤੁਹਾਡੀਆਂ ਸਹੂਲਤਾਂ ਦੇ ਸਾਈਟ-ਵਿਸ਼ੇਸ਼ ਜ਼ੋਖਮਾਂ ਦੇ ਅਧਾਰ 'ਤੇ ਨਿਯੰਤਰਣਾਂ ਦੀ ਪਛਾਣ ਕਰਨ ਅਤੇ ਲਾਗੂ ਕਰਨ ਵਿੱਚ ਤੁਹਾਡੀ ਮੱਦਦ ਕਰੇਗਾ। ਤੁਸੀਂ ਇਸ ਦਿਸ਼ਾ-ਨਿਰਦੇਸ਼ਾਂ ਵਿੱਚ ਸ਼ਾਮਲ ਨਹੀਂ ਕੀਤੇ ਗਏ ਹੋਰ ਨਿਯੰਤਰਣਾਂ ਨੂੰ ਵੀ ਲਾਗੂ ਕਰ ਸਕਦੇ ਹੋ, ਜਦੋਂ ਤੱਕ ਤੁਸੀਂ ਇਹ ਦਿਖਾ ਸਕਦੇ ਹੋ ਕਿ ਤੁਸੀਂ ਮਨੁੱਖੀ ਸਿਹਤ ਅਤੇ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਣ ਦੇ ਜ਼ੋਖਮ ਨੂੰ ਜਿੱਥੋਂ ਤੱਕ ਅਜਿਹਾ ਕਰਨਾ ਵਾਜਬ ਤੌਰ 'ਤੇ ਵਿਵਹਾਰਕ ਸੀ, ਖ਼ਤਮ ਕਰ ਦਿੱਤਾ ਹੈ ਜਾਂ ਘਟਾ ਦਿੱਤਾ ਹੈ।

ਸਾਰਣੀ 2: ਬੈਟਰੀ ਦੀਆਂ ਕਿਸਮਾਂ, ਖ਼ਤਰੇ, ਰਸਾਇਣ, ਅਤੇ ਵਿਸ਼ੇਸ਼ ਸਟੋਰੇਜ ਲੋੜਾਂ।

| ਬੈਟਰੀ ਦੀਆਂ ਕਿਸਮਾਂ | ਆਮ ਵਰਤੋਂ | ਖ਼ਤਰੇ | ਚਿੰਤਾ ਦੇ ਕਾਰਨ ਰਸਾਇਣ ਅਤੇ ਧਾਤੂ | ਫ਼ੋਟੋਆਂ | ਸਿਫਾਰਸ਼ ਕੀਤੇ ਗਏ ਸਟੋਰੇਜ਼ ਕੰਟੇਨਰ |
|---|---|---|---|---|---|
| **ਅਲਕਾਲਾਈਨ (ਖਾਰੀ ਤੱਤ)** | ਫਲੈਸ਼ਲਾਈਟਾਂ, ਕੈਮਰੇ, ਪੋਰਟੇਬਲ ਰੇਡੀਓ, ਆਡੀਓ ਪਲੇਅਰ, ਅਤੇ ਖਿਡੌਣੇ। | ਖਾਰੂ ਪਦਾਰਥ, ਸਾਹ, ਅੱਖਾਂ ਅਤੇ ਚਮੜੀ ਦੀ ਜਲਣ | ਮੈਂਗਨੀਜ਼, ਪੋਟਾਸ਼ੀਅਮ ਹਾਈਡ੍ਰੋਕਸਾਈਡ, ਜ਼ਿੰਕ |  | **200 ਲੀਟਰ ਦਾ ਕੰਟੇਨਰ**  |
| **ਬਟਨ ਨੁਮਾ ਬੈਟਰੀਆਂ** | ਕੰਨਾਂ ਵਾਲੀ ਮਸ਼ੀਨ, ਪੇਸਮੇਕਰ, ਕੈਮਰਾ, ਕੈਲਕੁਲੇਟਰ, ਘੜੀਆਂ | ਅੱਗ ਲੱਗਣ ਦਾ ਸਰੋਤ (ਸ਼ਾਰਟ ਸਰਕਟ) | ਲਿਥੀਅਮ, ਤਾਂਬਾ, ਨਿੱਕਲ, ਪੋਟਾਸ਼ੀਅਮ/ਸੋਡੀਅਮ ਹਾਈਡ੍ਰੋਕਸਾਈਡ, ਚਾਂਦੀ, ਜ਼ਿੰਕ, ਪਾਰਾ |  | **ਕੰਟੇਨਰ ਵਿੱਚ ਵੱਧ ਤੋਂ ਵੱਧ 30 ਕਿਲੋਗ੍ਰਾਮ**  |
| **ਲਿਥੀਅਮ ਅਤੇ ਲਿਥੀਅਮ-ਆਇਨ 1,2 ਬੈਟਰੀਆਂ (ਛੋਟੀਆਂ ਅਤੇ ਵੱਡੀਆਂ)** | ਛੋਟੇ ਉਪਕਰਣ, ਕੈਮਰੇ, ਕੰਪਿਊਟਰ, ਇਲੈਕਟ੍ਰਿਕ ਵਾਹਨ, ਮੈਡੀਕਲ ਉਪਕਰਣ, ਮੋਬਾਈਲ ਫ਼ੋਨ, ਪਾਵਰ ਟੂਲ (ਬਿਜਲੀ 'ਤੇ ਚੱਲਣ ਵਾਲੇ ਸੰਦ), ਘੜੀਆਂ। | ਅੱਗ ਲੱਗਣ ਦੇ ਸਰੋਤ, ਜਲਣਸ਼ੀਲ, ਜਲਣ ਦੇ ਮਾਮਲਿਆਂ ਵਿੱਚ ਸੰਭਾਵੀ ਜ਼ਹਿਰੀਲੀ ਗੈਸ ਛੱਡਣਾ | ਲਿਥੀਅਮ, ਆਇਰਨ, ਕੈਡਮੀਅਮ, ਕੋਬਾਲਟ, ਮੈਂਗਨੀਜ਼ |    | **ਕੰਟੇਨਰ ਵਿੱਚ ਵੱਧ ਤੋਂ ਵੱਧ 30 ਕਿਲੋਗ੍ਰਾਮ**  |
| **ਨਿੱਕਲ ਮੈਟਲ ਹਾਈਡ੍ਰਾਈਡ** | ਰੀਚਾਰਜਯੋਗ ਉਪਕਰਨ ਜਿਵੇਂ ਕਿ ਪੋਰਟੇਬਲ ਪਾਵਰ ਟੂਲ, ਹੱਥ ਵਿੱਚ ਫੜ੍ਹੇ ਜਾਣ ਵਾਲੇ ਵੈਕਿਊਮ | ਜਲਣ ਸਮੇਂ ਸੰਭਾਵੀ ਜ਼ਹਿਰੀਲੀ ਗੈਸ ਛੱਡਣਾ | ਨਿੱਕਲ |   | **200 ਲੀਟਰ ਦਾ ਕੰਟੇਨਰ**  |

# ਕੂੜੇ-ਕਰਕਟ ਵਿੱਚ ਜਾਣ ਵਾਲੀਆਂ ਬੈਟਰੀਆਂ ਦੀ ਸਟੋਰੇਜ ਅਤੇ ਪ੍ਰਬੰਧਨ - ਦਿਸ਼ਾ-ਨਿਰਦੇਸ਼

| | | | | | |
|---|---|---|---|---|---|
| **ਨਿੱਕਲ-ਕੈਡਮੀਅਮ ਬੈਟਰੀਆਂ** | ਰੀਚਾਰਜਯੋਗ ਉਪਕਰਨ ਜਿਵੇਂ ਕਿ ਪੋਰਟੇਬਲ ਪਾਵਰ ਟੂਲ, ਹੱਥ ਵਿੱਚ ਫੜ੍ਹੇ ਜਾਣ ਵਾਲੇ ਵੈਕਿਊਮ | ਜ਼ਹਿਰੀਲੀਆਂ ਧਾਂਤਾਂ, ਖੋਰੂ ਚੀਜ਼ਾਂ, ਜਲਣ ਸਮੇਂ ਹਵਾ ਨਾਲ ਪ੍ਰਤੀਕ੍ਰਿਆ ਕਰ ਸਕਦੀਆਂ ਹਨ | ਨਿੱਕਲ, ਕੈਡਮੀਅਮ |  | **200 ਲੀਟਰ ਦਾ ਕੰਟੇਨਰ**  |
| **ਮਿਸ਼ਰਤ ਬੈਟਰੀਆਂ (ਜਿਵੇਂ ਕਿ ਅਲਕਾਲਾਈਨ, ਲਿਥੀਅਮ ਅਤੇ ਹੋਰ ਪਦਾਰਥਾਂ ਵਾਲੇ ਕੰਟੇਨਰ)** | ਮਿਸ਼ਰਤ ਲੋਡ ਉਸ ਵਿੱਚ ਮੌਜੂਦ ਬੈਟਰੀਆਂ 'ਤੇ ਨਿਰਭਰ ਕਰਦਿਆਂ ਵੱਖੋ-ਵੱਖ ਹੁੰਦਾ ਹੈ। ਆਮ ਤੌਰ 'ਤੇ 70-80% ਅਲਕਾਲਾਈਨ ਬੈਟਰੀਆਂ, ਨਾਲ ਹੀ ਨਾਲ ਲਿਥੀਅਮ ਅਤੇ ਨਿੱਕਲ ਆਧਾਰਿਤ ਬੈਟਰੀਆਂ ਤੋਂ ਬਣਿਆ ਹੁੰਦਾ ਹੈ। | ਮਿਸ਼ਰਤ ਲੋਡ ਉਸ ਵਿੱਚ ਮੌਜੂਦ ਬੈਟਰੀਆਂ 'ਤੇ ਨਿਰਭਰ ਕਰਦਿਆਂ ਵੱਖੋ-ਵੱਖ ਹੁੰਦਾ ਹੈ। ਇੱਕ ਅੱਗ ਲੱਗਣ ਦਾ ਸਰੋਤ ਜ਼ਹਿਰੀਲੇ ਧਾਂਤ, ਖੋਰੂ ਪਦਾਰਥ, ਜਲਣਸ਼ੀਲਤਾ ਹੋ ਸਕਦਾ ਹੈ। | ਮਿਸ਼ਰਤ ਲੋਡ ਉਸ ਵਿੱਚ ਮੌਜੂਦ ਬੈਟਰੀਆਂ 'ਤੇ ਨਿਰਭਰ ਕਰਦਿਆਂ ਵੱਖੋ-ਵੱਖ ਹੁੰਦਾ ਹੈ। ਉਪਰੋਕਤ ਸੂਚੀਬੱਧ ਕੀਤੇ ਗਏ ਸਾਰੇ ਰਸਾਇਣ ਹੋ ਸਕਦੇ ਹਨ। |  | **ਕੰਟੇਨਰ ਵਿੱਚ ਵੱਧ ਤੋਂ ਵੱਧ 30 ਕਿਲੋਗ੍ਰਾਮ**  |
| **ਵਰਤਿਆ ਲੈਡ ਐਸਿਡ** | ਆਟੋਮੋਟਿਵ, ਸਮੁੰਦਰੀ, ਉਦਯੋਗਿਕ ਵਰਤੋਂ-ਯੋਗਤਾ (ਐਪਲੀਕੇਸ਼ਨ) | ਜ਼ਹਿਰੀਲੇ ਧਾਂਤ, ਖੋਰੂ ਪਦਾਰਥ | ਸਲਫਿਊਰਿਕ ਐਸਿਡ, ਲੈਡ |  | ਪੈਲੇਟ 'ਤੇ ਸਿੱਧਾ ਸਟੋਰ ਕਰੋ (ਬੈਟਰੀਆਂ ਦੀਆਂ ਦੋ ਪਰਤਾਂ ਤੋਂ ਵੱਧ ਨਹੀਂ)। ਆਵਾਜਾਈ ਲਈ ਗ਼ੈਰ-ਸੰਚਾਲਕ (ਜਿੰਨ੍ਹਾਂ ਵਿੱਚੋਂ ਗਰਮੀ ਜਾਂ ਬਿਜਲੀ ਨਹੀਂ ਲੰਘਦੀ) ਸਟ੍ਰੈਪਿੰਗ ਨਾਲ ਸੁਰੱਖਿਅਤ ਕਰੋ। |


**ਟਿੱਪਣੀਆਂ:**

1. ਇਹ ਸਿਰਫ਼ ਬੈਟਰੀ ਸੈੱਲ ਹੀ ਨਹੀਂ , ਸਗੋਂ ਉਹ ਹਿੱਸੇ ਵੀ ਹੋ ਸਕਦੇ ਹਨ ਜਿੱਥੇ ਬੈਟਰੀਆਂ ਨੂੰ ਆਸਾਨੀ ਨਾਲ ਉਤਪਾਦ ਅਤੇ/ਜਾਂ ਡੱਬੇ ਤੋਂ ਭੌਤਿਕ ਤੌਰ 'ਤੇ ਵੱਖ ਨਹੀਂ ਕੀਤਾ ਜਾ ਸਕਦਾ ਹੈ। ਇਸ ਵਿੱਚ ਪੋਰਟੇਬਲ ਚਾਰਜਰ, ਪਾਵਰ ਬੈਂਕ, ਹੱਥ ਵਿੱਚ ਫੜ੍ਹੇ ਜਾਣ ਵਾਲੇ ਉਪਕਰਣ, ਵੀਡੀਓ ਗੇਮ ਕੰਸੋਲ, ਲੈਪਟਾਪ ਬੈਟਰੀਆਂ, ਮੋਬਾਈਲ, ਪੈਡ, ਈ-ਬੁੱਕ, USB ਕਨੈਕਸ਼ਨ ਦੁਆਰਾ ਚਾਰਜ ਕਰਨ ਵਾਲੇ ਉਪਕਰਣ ਵੀ ਸ਼ਾਮਲ ਹੋ ਸਕਦੇ ਹਨ।
2. ਇਸ ਵਿੱਚ ਰੀਚਾਰਜ ਹੋਣ ਯੋਗ ਬੈਟਰੀਆਂ ਵੀ ਸ਼ਾਮਲ ਹੋ ਸਕਦੀਆਂ ਹਨ, ਜੋ EP ਨਿਯਮਾਂ ਦੇ ਅਨੁਸਾਰ ਨਿਰਧਾਰਤ ਇਲੈਕਟ੍ਰਾਨਿਕ ਕੂੜਾ-ਕਰਕਟ ਹਨ।
3. ਇਸ ਸਾਰਣੀ ਵਿੱਚ ਸੂਚੀਬੱਧ ਸਟੋਰੇਜ ਸਿਫ਼ਾਰਸ਼ਾਂ ਤੋਂ ਇਲਾਵਾ, ਇਸ ਦਿਸ਼ਾ-ਨਿਰਦੇਸ਼ ਵਿੱਚ ਵਿਚਾਰੇ ਗਏ ਆਮ ਬੈਟਰੀ ਸਟੋਰੇਜ ਅਤੇ ਪ੍ਰਬੰਧਨ ਅਭਿਆਸਾਂ ਨੂੰ ਸਾਰੀਆਂ ਬੈਟਰੀ ਕਿਸਮਾਂ ਵਿੱਚ ਵਿਚਾਰਿਆ ਜਾਣਾ ਚਾਹੀਦਾ ਹੈ।

## ਆਮ ਸਟੋਰੇਜ਼ ਨਿਯੰਤਰਣ ਉਪਾਅ

ਤੁਹਾਡੇ ਬੈਟਰੀਆਂ ਇਕੱਠੇ ਕੀਤੇ ਜਾਣ ਅਤੇ ਨਿਰਧਾਰਤ ਸਟੋਰੇਜ ਖੇਤਰਾਂ ਵਿੱਚ ਕੂੜੇ-ਕਰਕਟ ਵਿੱਚ ਸੁੱਟੀਆਂ ਜਾਣ ਵਾਲੀਆਂ ਬੈਟਰੀਆਂ ਦੇ ਜ਼ੋਖਮਾਂ ਦਾ ਪ੍ਰਬੰਧਨ ਕਰਨ ਲਈ ਨਿਯੰਤਰਣ ਉਪਾਅ ਲਾਗੂ ਹੋਣੇ ਚਾਹੀਦੇ ਹਨ। **ਆਮ ਸਟੋਰੇਜ ਨਿਯੰਤਰਣ ਉਪਾਅ** ਜੋ ਤੁਹਾਨੂੰ ਆਪਣੀ ਸਹੂਲਤ 'ਤੇ ਲਾਗੂ ਕਰਨ ਲਈ ਵਿਚਾਰ ਕਰਨੇ ਚਾਹੀਦੇ ਹਨ, ਉਨ੍ਹਾਂ ਵਿੱਚ ਸ਼ਾਮਲ ਹਨ:

- ਉਚਿੱਤ ਹਵਾਦਾਰੀ
- ਬੈਟਰੀ ਸਟੋਰੇਜ ਨੂੰ ਦਰਸਾਉਣ ਲਈ ਸੰਕੇਤ
- ਬੈਟਰੀਆਂ ਦੇ ਮਿਸ਼ਰਤ ਲੋਡ ਲਈ ਕਲਾਸ 8 (ਜਿਵੇਂ ਕਿ ਲਿਥੀਅਮ ਤੋਂ ਇਲਾਵਾ ਕੁੱਝ ਬੈਟਰੀਆਂ) ਅਤੇ ਕਲਾਸ 9 (ਜਿਵੇਂ ਕਿ ਲਿਥੀਅਮ ਬੈਟਰੀਆਂ) ਲਈ ਖ਼ਤਰਨਾਕ ਸਮਾਨ ਦੇ ਲੇਬਲ ਦਰਸਾਉਣ ਦੀ ਲੋੜ ਹੋ ਸਕਦੀ ਹੈ।
- ਤਰਲ ਪਦਾਰਥ ਨਾ ਲੰਘਣ ਦੇਣ ਵਾਲੇ ਪਦਾਰਥ ਦੇ ਬਣੇ ਫਰਸ਼ ਅਤੇ ਕੰਧ
- ਮੌਸਮ ਸੁਰੱਖਿਅਤ ਢੱਕਣ
- ਹਾਨੀਕਾਰਕ ਰਸਾਇਣਾਂ ਜਾਂ ਸਮੱਗਰੀਆਂ ਨੂੰ ਮੀਂਹ ਦੇ ਪਾਣੀ ਵਾਲੇ ਪਰਨਾਲਿਆਂ ਵਿੱਚ ਦਾਖ਼ਲ ਹੋਣ ਤੋਂ ਰੋਕਣ ਲਈ ਰੋਕਥਾਮ ਉਪਾਅ (ਜਿਵੇਂ ਕਿ ਬੰਨ੍ਹ ਵਾਲਾ ਖੇਤਰ)
- ਬੈਟਰੀਆਂ ਨੂੰ ਉਨ੍ਹਾਂ ਦੇ ਖ਼ਾਸ ਰਸਾਇਣ ਦੇ ਅਨੁਸਾਰ ਛਾਂਟੀ ਕਰੋ
- ਵਸਤੂਆਂ ਦੇ ਡਿੱਗਣ ਦੇ ਖ਼ਤਰੇ ਨੂੰ ਰੋਕਣ ਲਈ ਇਕੱਠਾ ਕਰਨ ਵਾਲੀਆਂ ਇਕਾਈਆਂ ਅਤੇ ਸਮੂਹਿਕ ਈ-ਕੂੜਾ ਇੱਕ-ਦੂਜੇ ਦੇ ਉੱਪਰ ਰੱਖਿਆ ਜਾਂਦਾ ਹੈ
- ਆਸਾਨੀ ਨਾਲ ਪਹੁੰਚਯੋਗ ਐਮਰਜੈਂਸੀ ਸਪਿਲ ਕਿੱਟ
- ਨਿਯਮਤ ਤੌਰ 'ਤੇ ਨਿਰੀਖਣ ਅਤੇ ਹਾਊਸਕੀਪਿੰਗ ਪ੍ਰਕਿਰਿਆਵਾਂ ਇਹ ਯਕੀਨੀ ਬਣਾਉਣ ਲਈ ਕਿ ਇਕੱਠਾ ਕਰਨ ਵਾਲੀਆਂ ਇਕਾਈਆਂ ਓਵਰਫਲੋਅ ਨਹੀਂ ਹੋ ਰਹੀਆਂ ਹਨ ਅਤੇ ਵੱਖ-ਵੱਖ ਕੂੜੇ ਨੂੰ ਲੋੜ ਅਨੁਸਾਰ ਵੱਖ ਕੀਤਾ ਗਿਆ ਹੈ।





**ਨੋਟ:** ਜੇਕਰ ਤੁਹਾਡੇ ਕੋਲ EPA ਮੰਨਜ਼ੂਰੀ ਹੈ, ਤਾਂ ਆਪਣੀ ਸਹੂਲਤ 'ਤੇ ਲੋੜਾਂ ਨਾਲ ਸੰਬੰਧਿਤ ਖ਼ਾਸ ਸ਼ਰਤਾਂ ਵੇਖੋ। ਤੁਹਾਨੂੰ ਆਪਣੀ ਮੰਨਜ਼ੂਰੀ ਦੇ ਹਿੱਸੇ ਵਜੋਂ ਇਨ੍ਹਾਂ ਦੀ ਪਾਲਣਾ ਕਰਨੀ ਪਵੇਗੀ।

ਖ਼ਤਰਨਾਕ ਚੀਜ਼ਾਂ (ਸਟੋਰੇਜ ਅਤੇ ਹੈਂਡਲਿੰਗ) ਰੈਗੂਲੇਸ਼ਨਜ਼ 2012, ਖ਼ਤਰਨਾਕ ਚੀਜ਼ਾਂ (ਸਟੋਰੇਜ ਅਤੇ ਹੈਂਡਲਿੰਗ) ਸੋਧ (ਨੋਟੀਫਿਕੇਸ਼ਨ) ਰੈਗੂਲੇਸ਼ਨਜ਼ 2021 ਅਤੇ ਕੋਡ ਫਾਰ ਪ੍ਰੈਕਟਿਸ-ਸਟੋਰੇਜ ਅਤੇ ਖ਼ਤਰਨਾਕ ਵਸਤੂਆਂ ਦੀ ਹੈਂਡਲਿੰਗ 2013 ਦਾ ਹਵਾਲਾ ਲਓ ਜੋ ਕਿ ਜਿੱਥੇ ਖ਼ਤਰਨਾਕ ਸਮਾਨ ਸਟੋਰ ਕੀਤਾ ਅਤੇ ਸੰਭਾਲਿਆ ਜਾਂਦਾ ਹੈ ਉਸ ਸਥਾਨ ਦੇ ਕਬਜ਼ੇਦਾਰਾਂ ਲਈ ਸੂਚਨਾ ਦੇਣ ਦੀਆਂ ਕਾਨੂੰਨੀ ਜ਼ਿੰਮੇਵਾਰੀਆਂ ਅਤੇ ਵਿਵਹਾਰਕ ਜ਼ੋਖਮ ਨਿਯੰਤਰਣ ਉਪਾਵਾਂ ਸਮੇਤ ਰੈਗੂਲੇਟਰੀ ਸ਼ਰਤਾਂ ਦੱਸਦਾ ਹੈ।

# ਕੂੜੇ-ਕਰਕਟ ਵਿੱਚ ਜਾਣ ਵਾਲੀਆਂ ਬੈਟਰੀਆਂ ਦੀ ਸਟੋਰੇਜ ਅਤੇ ਪ੍ਰਬੰਧਨ - ਦਿਸ਼ਾ-ਨਿਰਦੇਸ਼

## ਕੰਟੇਨਰ ਅਤੇ ਵਿਸਥਾਰ ਪੂਰਵਕ ਸਟੋਰੇਜ ਨਿਯੰਤਰਣ ਉਪਾਅ

ਕੂੜੇ ਦੀਆਂ ਬੈਟਰੀਆਂ ਨੂੰ ਢੁੱਕਵੇਂ ਕੰਟੇਨਰਾਂ ਵਿੱਚ ਸਟੋਰ ਕਰਨਾ, ਤੁਹਾਨੂੰ ਬੈਟਰੀਆਂ ਵਿੱਚ ਹਾਨੀਕਾਰਕ ਸਮੱਗਰੀ ਨੂੰ ਵਾਤਾਵਰਨ ਵਿੱਚ ਦਾਖ਼ਲ ਹੋਣ ਤੋਂ ਰੋਕਣ ਜਾਂ ਘੱਟ ਕਰਨ ਵਿੱਚ ਮੱਦਦ ਕਰੇਗਾ। **ਕੰਟੇਨਰ ਸਟੋਰੇਜ ਨਿਯੰਤਰਣ ਉਪਾਅ** ਜਿਨ੍ਹਾਂ ਬਾਰੇ ਤੁਹਾਨੂੰ ਆਪਣੀ ਸਹੂਲਤ ਵਿੱਚ ਲਾਗੂ ਕਰਨ ਲਈ ਵਿਚਾਰ ਕਰਨਾ ਚਾਹੀਦਾ ਹੈ, ਉਨ੍ਹਾਂ ਵਿੱਚ ਸ਼ਾਮਲ ਹਨ:

| | |
|---|---|
| ਗ਼ੈਰ-ਸੰਚਾਲਕ ਟੇਪ ਦੀ ਵਰਤੋਂ ਕਰਕੇ ਬੈਟਰੀ ਟਰਮੀਨਲਾਂ ਜਾਂ ਖੁੱਲ੍ਹੀਆਂ ਤਾਰਾਂ ਨੂੰ ਸੁਰੱਖਿਅਤ ਕਰੋ (ਬੰਨ੍ਹੋ) |  |
| ਢੁੱਕਵੀਂ ਹਵਾਦਾਰੀ ਵਾਲੇ ਕੰਟੇਨਰਾਂ ਦੀ ਵਰਤੋਂ ਕਰੋ (ਜਿਵੇਂ ਕਿ ਵੈਂਟਿੰਗ ਕੈਪ, ਕੰਟੇਨਰ ਏਅਰ ਟਾਈਟ ਨਹੀਂ ਹੈ)।<br>ਆਪਣੀ ਸਹੂਲਤ 'ਤੇ ਬੈਟਰੀ ਸਟੋਰੇਜ ਲਈ ਪਲਾਸਟਿਕ ਜਾਂ ਗੱਤੇ ਦੇ UN (ਸੰਯੁਕਤ ਰਾਸ਼ਟਰ) ਦੁਆਰਾ ਮੰਨਜ਼ੂਰਸੁਦਾ ਕੰਟੇਨਰਾਂ ਦੀ ਵਰਤੋਂ ਕਰੋ। ਬੈਟਰੀਆਂ ਦੀ ਆਵਾਜਾਈ ਲਈ ਸਵੀਕਾਰਯੋਗ ਕੰਟੇਨਰਾਂ ਦੀ ਸੂਚੀ ਲਈ ADG ਕੋਡ ਪੈਕਿੰਗ ਨਿਰਦੇਸ਼ (P909) ਵੇਖੋ। ਬੈਟਰੀਆਂ ਨੂੰ ਧਾਂਤ ਦੇ ਡੱਬਿਆਂ ਵਿੱਚ ਸਟੋਰ ਕਰਨ ਤੋਂ ਬਚੋ ਕਿਉਂਕਿ ਇਸ ਨਾਲ ਅੱਗ ਲੱਗਣ ਦਾ ਖ਼ਤਰਾ ਹੋ ਸਕਦਾ ਹੈ। |  |
| ਡੱਬਾਬੰਦੀ ਕਰਦੇ ਸਮੇਂ (ਪੈਕੇਜਿੰਗ ਵਿੱਚ) ਸੈੱਲਾਂ ਜਾਂ ਬੈਟਰੀਆਂ ਦੇ ਵਿਚਕਾਰ ਖ਼ਾਲੀ ਥਾਂ ਨੂੰ ਭਰਨ ਲਈ ਇਲੈਕਟ੍ਰਿਕ ਤੌਰ 'ਤੇ ਗ਼ੈਰ-ਸੰਚਾਲਕ ਅਤੇ ਗ਼ੈਰ-ਜਲਣਸ਼ੀਲ ਇੱਕ-ਦੂਜੇ ਤੋਂ ਦੂਰ ਰੱਖਣ ਵਾਲੀ (ਕੁਸ਼ਨਿੰਗ) ਸਮੱਗਰੀ (ਜਿਵੇਂ ਕਿ ਰੇਤ, ਵਰਮੀਕੁਲਾਈਟ) ਪਾਓ। |  |
| ਜੇਕਰ ਧਾਂਤ ਤੋਂ ਬਣੇ ਸਟੋਰੇਜ ਕੰਟੇਨਰਾਂ ਦੀ ਵਰਤੋਂ ਕਰ ਰਹੇ ਹੋ, ਤਾਂ ਉਨ੍ਹਾਂ ਨੂੰ ਇਲੈਕਟ੍ਰਿਕ ਤੌਰ 'ਤੇ ਗ਼ੈਰ-ਸੰਚਾਲਕ ਲਾਈਨਿੰਗ ਸਮੱਗਰੀ (ਜਿਵੇਂ ਪਲਾਸਟਿਕ ਬੈਗ) ਦੀ ਪਰਤ ਲਗਾਓ ਜਾਂ ਫਿੱਟ ਕਰੋ। |  |

| | |
|---|---|
|  ਹੋਰ ਜਾਣਕਾਰੀ | ਸਟੋਰੇਜ਼ ਅਤੇ ਕਾਬੂ ਪਾਉਣ ਦੇ (ਕੰਟੇਨਮੈਂਟ) ਉਪਾਵਾਂ ਬਾਰੇ ਵਧੇਰੇ ਵੇਰਵੇ ਲਈ ਤਰਲ ਸਟੋਰੇਜ ਅਤੇ ਹੈਂਡਲਿੰਗ ਦਿਸ਼ਾ-ਨਿਰਦੇਸ਼ਾਂ (ਪ੍ਰਕਾਸ਼ਨ 1698) ਅਤੇ AS/NZS 5377: 2013 ਬਿਜਲੀ ਅਤੇ ਇਲੈਕਟ੍ਰਾਨਿਕ ਉਪਕਰਨਾਂ ਨੂੰ ਇਕੱਠਾ ਕਰਨਾ, ਸਟੋਰੇਜ, ਟ੍ਰਾਂਸਪੋਰਟ ਅਤੇ ਜੀਵਨ ਅੰਤ ਦੀ ਪ੍ਰਕਿਰਿਆ ਵੇਖੋ । |

# ਕੂੜੇ-ਕਰਕਟ ਵਿੱਚ ਜਾਣ ਵਾਲੀਆਂ ਬੈਟਰੀਆਂ ਦੀ ਸਟੋਰੇਜ ਅਤੇ ਪ੍ਰਬੰਧਨ - ਦਿਸ਼ਾ-ਨਿਰਦੇਸ਼

## ਅੱਗ ਨੂੰ ਕਾਬੂ ਕਰਨ ਦੇ ਉਪਾਅ

ਜੇਕਰ ਸਹੀ ਢੰਗ ਨਾਲ ਪ੍ਰਬੰਧਿਤ ਨਾ ਕੀਤਾ ਜਾਵੇ ਤਾਂ ਕੁੱਝ ਕਿਸਮਾਂ ਦੀਆਂ ਬੈਟਰੀਆਂ ਖ਼ਤਰਨਾਕ ਮਾਤਰਾ ਵਿੱਚ ਗਰਮੀ ਛੱਡ ਸਕਦੀਆਂ ਹਨ, ਜਲਣਸ਼ੀਲ ਗੈਸ ਦਾ ਨਿਕਾਸ ਕਰ ਸਕਦੀਆਂ ਹਨ ਅਤੇ ਅੱਗ ਲੱਗਣ ਦਾ ਸਰੋਤ ਜਾਂ ਅੱਗ ਲੱਗਣ ਦਾ ਜ਼ੋਖਮ ਬਣ ਸਕਦੀਆਂ ਹਨ।

ਬੈਟਰੀਆਂ ਤੋਂ ਅੱਗ ਲੱਗਣ ਦੇ ਜ਼ੋਖਮਾਂ ਦਾ ਪ੍ਰਬੰਧਨ ਕਰਨ ਲਈ ਤੁਹਾਨੂੰ ਹੇਠਾਂ ਦਿੱਤੇ ਨਿਯੰਤਰਣ ਉਪਾਵਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ:

- ਹੋਰ ਈ-ਕੂੜੇ ਅਤੇ ਜਲਣਸ਼ੀਲ ਜਾਂ ਬਲਣਸ਼ੀਲ ਵਸਤੂਆਂ ਤੋਂ ਅਲੱਗ ਸਟੋਰ ਕੀਤੀਆਂ ਬੈਟਰੀਆਂ।
- ਚੰਗੀ ਤਰ੍ਹਾਂ ਹਵਾਦਾਰ, ਗ਼ੈਰ-ਜਲਣਸ਼ੀਲ ਇਕੱਠੇ ਕਰਨ ਵਾਲੇ ਕੰਟੇਨਰ ਅਤੇ ਅੱਗ ਲੱਗਣ ਦੇ ਸਰੋਤਾਂ ਤੋਂ ਦੂਰ ਸਟੋਰੇਜ ਅਤੇ ਹੈਂਡਲਿੰਗ ਖੇਤਰ।
- ਬੈਟਰੀਆਂ ਨੂੰ ਇੱਕ ਠੰਡੇ ਅਤੇ ਸੁੱਕੇ ਖੇਤਰ ਵਿੱਚ ਸਟੋਰ ਕੀਤਾ ਜਾਂਦਾ ਹੈ, ਸਿੱਧੀ ਧੁੱਪ ਤੋਂ ਦੂਰ ਜਾਂ ਉਨ੍ਹਾਂ ਖੇਤਰਾਂ ਤੋਂ ਬਾਹਰ ਜਿੱਥੇ ਬੈਟਰੀਆਂ ਜ਼ਿਆਦਾ ਗਰਮ ਹੋ ਸਕਦੀਆਂ ਹਨ।
- ਅੱਗ ਦਾ ਪਤਾ ਲਗਾਉਣਾ ਅਤੇ ਢੁੱਕਵੀਂ ਜਵਾਬੀ ਕਾਰਵਾਈ ਵਾਲੇ ਉਪਕਰਣ।
- ਬੈਟਰੀ ਸਟੋਰੇਜ ਦੇ ਨੇੜੇ ਕੰਮ ਕਰਦੇ ਸੁੱਕੇ ਪਾਊਡਰ ਵਾਲੇ ਅੱਗ ਬੁਝਾਉਣ ਵਾਲੇ ਯੰਤਰਾਂ ਤੱਕ ਬਗ਼ੈਰ ਰੁਕਾਵਟ ਪਹੁੰਚ
- ਸਟਾਫ਼ ਅਤੇ ਲੋਕਾਂ ਲਈ ਬਿਨਾਂ ਰੁਕਾਵਟ ਦੇ ਨਿਕਾਸ ਮਾਰਗ।
- ਸਹੂਲਤ-ਸਥਾਨ 'ਤੇ ਹਰ ਸਮੇਂ ਸੁਰੱਖਿਆ।
- ਅੱਗ ਲੱਗਣ ਦੀ ਸੂਰਤ ਵਿੱਚ ਅੱਗ ਬੁਝਾਉਣ ਲਈ ਵਰਤੇ ਪਾਣੀ ਨੂੰ ਕਾਬੂ ਕਰਨ ਦੇ ਉਪਾਅ।
- ਕੂੜੇ-ਕਰਕਟ ਵਿੱਚ ਜਾਣ ਵਾਲੀਆਂ ਬੈਟਰੀਆਂ ਨੂੰ ਸੰਭਾਲਣ ਵਾਲੇ ਸਟਾਫ਼ ਲਈ ਉਚਿੱਤ PPE ਅਤੇ ਫਸਟ-ਏਡ ਉਪਕਰਣ।
- ਐਮਰਜੈਂਸੀ ਪ੍ਰਬੰਧਨ ਯੋਜਨਾ ਜਿਸਦੀ ਸਟਾਫ਼ ਨਾਲ ਨਿਯਮਿਤ ਤੌਰ 'ਤੇ ਸਮੀਖਿਆ ਅਤੇ ਜਾਂਚ ਕੀਤੀ ਗਈ ਹੈ।

ਜਲਣਸ਼ੀਲ ਅਤੇ ਰੀਸਾਈਕਲ ਕਰਨ ਯੋਗ ਕੂੜਾ-ਕਰਕਟ (ਜਿਵੇਂ ਕਿ ਕੂੜਾ-ਕਰਕਟ ਵਿੱਚ ਸੁੱਟੀਆਂ ਜਾਣ ਵਾਲੀਆ ਬੈਟਰੀਆਂ) ਨੂੰ ਸਟੋਰ ਕਰਨ ਅਤੇ ਪ੍ਰੋਸੈਸ ਕਰਨ ਬਾਰੇ ਵਧੇਰੇ ਵਿਸਤ੍ਰਿਤ ਉਪਾਵਾਂ ਲਈ *ਜਲਣਸ਼ੀਲ ਰੀਸਾਈਕਲ ਕਰਨ ਯੋਗ ਅਤੇ ਕੂੜਾ-ਕਰਕਟ ਸਮੱਗਰੀ ਦੇ ਪ੍ਰਬੰਧਨ ਅਤੇ ਸਟੋਰੇਜ - ਗਾਈਡਲਾਈਨ* (EPA ਪ੍ਰਕਾਸ਼ਨ 1667) ਨੂੰ ਵੇਖੋ।

| | |
|---|---|
| ਹੋਰ ਜਾਣਕਾਰੀ | ਹੋਰ ਜਾਣਕਾਰੀ ਪੜ੍ਹਨ ਲਈ, *ਜਲਣਸ਼ੀਲ ਰੀਸਾਈਕਲ ਕਰਨ ਯੋਗ ਅਤੇ ਕੂੜਾ- ਕਰਕਟ ਸਮੱਗਰੀ ਦੇ ਪ੍ਰਬੰਧਨ ਅਤੇ* ਸਟੋਰੇਜ - ਦਿਸ਼ਾ-ਨਿਰਦੇਸ਼ਾਂ ਦੇ ਅਧਿਆਇ 4, 5, ਅਤੇ 6 ਵਿੱਚ ਅੱਗ ਦੇ ਖ਼ਤਰਿਆਂ ਅਤੇ ਜ਼ੋਖਮਾਂ ਨੂੰ ਨਿਯੰਤਰਿਤ ਕਰਨ, ਜਲਣਸ਼ੀਲ ਅਤੇ ਰੀਸਾਈਕਲ ਕਰਨ ਯੋਗ ਕੂੜਾ-ਕਰਕਟ ਦੇ ਪ੍ਰਭਾਵੀ ਸਟੋਰੇਜ ਪ੍ਰਬੰਧਨ, ਅੱਗ ਸੁਰੱਖਿਆ ਪ੍ਰਣਾਲੀਆਂ ਅਤੇ ਸੰਕਟਕਾਲੀਨ ਪ੍ਰਬੰਧਨ ਯੋਜਨਾਬੰਦੀ ਬਾਰੇ ਜਾਣਕਾਰੀ ਹੈ। |

## ਆਪਣੀ ਸਹੂਲਤ ਵਿੱਚ ਬੈਟਰੀਆਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਕਰਨਾ

ਕੂੜੇ-ਕਰਕਟ ਵਿੱਚ ਸੁੱਟੀਆਂ ਜਾਣ ਵਾਲੀਆ ਬੈਟਰੀਆਂ ਨੂੰ ਸਾਵਧਾਨੀ ਨਾਲ ਸੰਭਾਲਣਾ ਜਾਂ ਹਿਲਾਉਣਾ ਮਹੱਤਵਪੂਰਨ ਹੈ। ਇਹ ਬੈਟਰੀਆਂ ਨੂੰ ਪੰਕਚਰ ਹੋਣ ਜਾਂ ਨੁਕਸਾਨ ਪਹੁੰਚਾਉਣ ਤੋਂ ਬਚਣ ਵਿੱਚ ਤੁਹਾਡੀ ਮੱਦਦ ਕਰ ਸਕਦਾ ਹੈ। ਜੇਕਰ ਤੁਸੀਂ ਪਲਾਂਟ ਦੇ ਉਪਕਰਨਾਂ ਨਾਲ ਆਪਣੀ ਸਹੂਲਤ ਵਿੱਚ ਕੰਟੇਨਰਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਕਰ ਰਹੇ ਹੋ ਜਾਂ ਕੂੜੇ-ਕਰਕਟ ਵਿੱਚ ਸੁੱਟੀਆਂ ਬੈਟਰੀਆਂ ਨੂੰ ਲੱਦ (ਲੋਡ ਕਰ) ਰਹੇ ਹੋ, ਤਾਂ ਤੁਹਾਡੇ ਕੋਲ ਇੱਕ ਸਪੱਸ਼ਟ ਪ੍ਰਕਿਰਿਆ ਜਾਂ ਇਹ ਕੰਮ ਦਾ ਨਿਰਦੇਸ਼ ਹੋਣਾ ਚਾਹੀਦਾ ਹੈ ਜੋ ਇਹ ਦੱਸਦਾ ਹੈ ਕਿ ਇਹ ਕੰਮ ਕਿਵੇਂ ਕਰਨਾ ਹੈ।

ਯਕੀਨੀ ਬਣਾਓ ਕਿ ਤੁਹਾਡੇ ਕਰਮਚਾਰੀ ਇਸ ਪ੍ਰਕਿਰਿਆ ਜਾਂ ਕੰਮ ਦੇ ਨਿਰਦੇਸ਼ਾਂ ਵਿੱਚ ਸਿਖਲਾਈ ਪ੍ਰਾਪਤ ਹਨ ਅਤੇ ਸਮਝਦੇ ਹਨ ਕਿ ਤੁਹਾਡੀਆਂ ਪ੍ਰਕਿਰਿਆਵਾਂ ਦੇ ਅਨੁਸਾਰ, ਕੰਮ ਨੂੰ ਸੁਰੱਖਿਅਤ ਢੰਗ ਨਾਲ ਕਿਵੇਂ ਪੂਰਾ ਕਰਨਾ ਹੈ।

## ਲੀਕ ਜਾਂ ਨੁਕਸਾਨੀਆਂ ਬੈਟਰੀਆਂ

ਲੀਕ ਹੋਣ ਜਾਂ ਨੁਕਸਾਨੀਆਂ ਗਈਆਂ ਬੈਟਰੀਆਂ ਵਿੱਚ ਰਸਾਇਣਾਂ ਦੇ ਲੀਕ ਹੋਣ ਅਤੇ ਸਹੂਲਤਾਂ ਵਿੱਚ ਅੱਗ ਲੱਗਣ ਦਾ ਖ਼ਤਰਾ ਪੈਦਾ ਕਰਨ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। ਨੁਕਸਾਨੀਆਂ ਗਈਆਂ ਬੈਟਰੀਆਂ ਨੂੰ ਕਈ ਵਾਰ ਨੁਕਸਾਨ ਹੋਣ ਤੋਂ ਬਾਅਦ ਅੱਗ ਲੱਗਣ ਲਈ ਕਈ ਘੰਟੇ ਜਾਂ ਲੰਬਾ ਸਮਾਂ ਲੱਗ ਸਕਦਾ ਹੈ। ਬੈਟਰੀਆਂ ਨੂੰ ਸੰਭਾਲਦੇ ਸਮੇਂ ਤੁਸੀਂ ਕਿਸੇ ਵੀ ਅਜਿਹੀ ਬੈਟਰੀ ਦਾ ਪਤਾ ਲਗਾ ਸਕਦੇ ਹੋ ਜੋ ਨੁਕਸਾਨੀ ਗਈ ਜਾਂ ਲੀਕ ਹੋਈ ਜਾਪਦੀ ਹੈ। ਲੀਕ ਹੋਣ ਜਾਂ ਨੁਕਸਾਨੀਆਂ ਗਈਆਂ ਹੋਈਆਂ ਬੈਟਰੀਆਂ ਨੂੰ ਮਿਸ਼ਰਤ ਬੈਟਰੀ ਸਟੋਰੇਜ ਤੋਂ ਵੱਖ ਕੀਤਾ ਜਾਣਾ ਚਾਹੀਦਾ ਹੈ ਅਤੇ ਵੱਖ-ਵੱਖ ਤੌਰ 'ਤੇ ਸੁਰੱਖਿਅਤ ਕੀਤਾ ਜਾਣਾ ਚਾਹੀਦਾ ਹੈ। ਬੈਟਰੀਆਂ ਨੂੰ ਸੰਭਾਲਣ ਵੇਲੇ ਉਚਿੱਤ ਨਿੱਜੀ ਸੁਰੱਖਿਆ ਉਪਕਰਨ ਪਹਿਨੋ।

# ਕੂੜੇ-ਕਰਕਟ ਵਿੱਚ ਜਾਣ ਵਾਲੀਆਂ ਬੈਟਰੀਆਂ ਦੀ ਸਟੋਰੇਜ ਅਤੇ ਪ੍ਰਬੰਧਨ - ਦਿਸ਼ਾ-ਨਿਰਦੇਸ਼

## ਲਿਥੀਅਮ-ਆਇਨ ਬੈਟਰੀਆਂ




ਹੋਰ ਬੈਟਰੀ ਕਿਸਮਾਂ ਦੇ ਮੁਕਾਬਲੇ ਲਿਥੀਅਮ-ਆਇਨ ਬੈਟਰੀਆਂ ਵਿੱਚ ਅੱਗ ਲੱਗਣ ਦਾ ਵਧੇਰੇ ਜ਼ੋਖਮ ਹੁੰਦਾ ਹੈ। ਉਨ੍ਹਾਂ ਨੂੰ ADG ਕੋਡ ਦੇ ਤਹਿਤ ਕਲਾਸ 9 ਦੇ ਖ਼ਤਰਨਾਕ ਸਮਾਨ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ।

ਉਨ੍ਹਾਂ ਦੇ ਅੱਗ ਦੇ ਜ਼ੋਖਮਾਂ ਅਤੇ ਬਹੁਤ ਜ਼ਿਆਦਾ ਮਾਤਰਾ ਵਿੱਚ ਗਰਮੀ ਛੱਡਣ ਦੀ ਸੰਭਾਵਨਾ ਦੇ ਕਾਰਨ, ਲਿਥੀਅਮ-ਆਇਨ ਬੈਟਰੀਆਂ ਨੂੰ ਵਧੇਰੇ ਦੇਖਭਾਲ ਨਾਲ ਸਟੋਰ ਕਰਨ ਅਤੇ ਸੰਭਾਲਣ ਦੀ ਲੋੜ ਹੈ। ਲੀਥੀਅਮ-ਆਇਨ ਬੈਟਰੀਆਂ ਦੇ ਜ਼ੋਖਮਾਂ ਅਤੇ ਖ਼ਤਰਿਆਂ ਬਾਰੇ ਵਿਸਤ੍ਰਿਤ ਜਾਣਕਾਰੀ ਉਨ੍ਹਾਂ ਦੇ SDS ਵਿੱਚ ਲੱਭੀ ਜਾ ਸਕਦੀ ਹੈ।

ਲਿਥਿਅਮ-ਆਇਨ ਬੈਟਰੀਆਂ ਨੂੰ ਇਸ ਦਿਸ਼ਾ-ਨਿਰਦੇਸ਼ ਦੇ *ਬੈਟਰੀ ਸੰਗ੍ਰਹਿ ਅਤੇ ਸਟੋਰੇਜ ਪ੍ਰਬੰਧਨ* ਭਾਗ ਵਿੱਚ ਸੂਚੀਬੱਧ ਨਿਯੰਤਰਣ ਉਪਾਵਾਂ ਨਾਲ ਸਟੋਰ ਕੀਤਾ ਜਾਣਾ ਚਾਹੀਦਾ ਹੈ। ਛਾਂਟੀ ਅਤੇ ਅਣ-ਛਾਂਟੀ ਕੀਤੇ ਸੰਗ੍ਰਹਿ ਲਈ UN (ਸੰਯੁਕਤ ਰਾਸ਼ਟਰ) ਦੁਆਰਾ ਮੰਨਜ਼ੂਰਸ਼ੁਦਾ ਕੰਟੇਨਰਾਂ ਦੀ ਵਰਤੋਂ ਕਰੋ। ਸ਼ਾਰਟ ਸਰਕਟਿੰਗ ਅਤੇ ਖ਼ਤਰਨਾਕ ਗਰਮੀ ਛੱਡਣ ਤੋਂ ਬਚਾਉਣ ਲਈ, ਗ਼ੈਰ-ਸੰਚਾਲਕ ਟੇਪ ਦੀ ਵਰਤੋਂ ਕਰਦੇ ਹੋਏ ਬੈਟਰੀ ਟਰਮੀਨਲਾਂ ਨੂੰ ਸੁਰੱਖਿਅਤ ਕਰੋ ਜਾਂ ਖੁੱਲ੍ਹੀਆਂ ਤਾਰਾਂ ਨੂੰ ਬੰਨ੍ਹੋ। ਕੰਟੇਨਰਾਂ ਨੂੰ ਇਲੈਕਟ੍ਰਿਕ ਤੌਰ 'ਤੇ ਗ਼ੈਰ-ਸੰਚਾਲਕ ਸਮੱਗਰੀ (ਜਿਵੇਂ ਕਿ ਰੇਤ, ਵਰਮੀਕੁਲਾਈਟ) ਨਾਲ ਭਰੋ।

ਕੂੜੇ ਵਿੱਚ ਸੁੱਟੇ ਜਾਣ ਵਾਲੀਆਂ ਪੈਕ ਕੀਤੀਆਂ ਛੋਟੀਆਂ ਲਿਥੀਅਮ-ਆਇਨ ਬੈਟਰੀਆਂ (ਜਿਵੇਂ ਕਿ ਕੈਮਰਾ, ਕੰਪਿਊਟਰ, ਮੋਬਾਈਲ ਫ਼ੋਨ) ਵਾਲੇ ਕੰਟੇਨਰਾਂ ਦਾ ਕੁੱਲ ਵਜ਼ਨ **30 ਕਿਲੋਗ੍ਰਾਮ ਤੋਂ ਵੱਧ ਨਹੀਂ ਹੋਣਾ ਚਾਹੀਦਾ** ।

ਵੱਡੀਆਂ ਲਿਥੀਅਮ ਬੈਟਰੀਆਂ (ਜਿਵੇਂ ਕਿ ਇਲੈਕਟ੍ਰਿਕ ਵਾਹਨਾਂ) ਨੂੰ ਉਨ੍ਹਾਂ ਦੇ ਆਕਾਰ ਅਤੇ ਭਾਰ ਦੇ ਕਾਰਨ ਲਪੇਟੀਆਂ ਪੈਲੇਟਾਂ 'ਤੇ ਸਟੋਰੇਜ ਅਤੇ ਪੈਕਿੰਗ ਦੀ ਲੋੜ ਹੋ ਸਕਦੀ ਹੈ।

ਸਟੋਰੇਜ਼ ਸੁਵਿਧਾਵਾਂ ਅਤੇ ਰੀਪ੍ਰੋਸੈਸਰਾਂ ਨੂੰ ਲਿਥੀਅਮ-ਆਇਨ ਬੈਟਰੀਆਂ ਨੂੰ ਕਿਸੇ ਵੀ ਹੋਰ ਖ਼ਤਰਨਾਕ ਵਸਤੂਆਂ ਜਾਂ ਹੋਰ ਸਮੱਗਰੀਆਂ ਤੋਂ ਘੱਟੋ-ਘੱਟ 10 ਮੀਟਰ ਦੀ ਦੂਰੀ 'ਤੇ ਰੱਖਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਜੋ ਜਲਣਸ਼ੀਲ ਜਾਂ ਬਲਣਸ਼ੀਲ ਹਨ। ਇਨ੍ਹਾਂ ਸਮੱਗਰੀਆਂ ਨਾਲ ਨਜ਼ਦੀਕੀ ਸੰਪਰਕ ਹੋਣਾ ਅੱਗ ਲੱਗਣ ਅਤੇ ਫ਼ੈਲਣ ਦੀ ਸੰਭਾਵਨਾ ਨੂੰ ਵਧਾ ਸਕਦਾ ਹੈ।

ਤੁਹਾਡੇ ਸਟੋਰੇਜ਼ ਦੇ ਆਕਾਰ ਅਤੇ ਤੁਹਾਡੀ ਇਮਾਰਤ ਦੇ ਨਕਸ਼ੇ ਦੇ ਆਧਾਰ 'ਤੇ ਅਲੱਗ-ਅਲੱਗ ਰੱਖਣ ਦੀਆਂ ਦੂਰੀਆਂ ਵੱਖ-ਵੱਖ ਹੋਣਗੀਆਂ। ਤੁਹਾਨੂੰ ਲਿਥੀਅਮ-ਆਇਨ ਬੈਟਰੀਆਂ ਦੇ ਵੱਡੇ ਭੰਡਾਰਾਂ ਲਈ ਵਾਧੂ ਦੂਰੀ ਰੱਖਣ ਦੀ ਲੋੜ ਹੋ ਸਕਦੀ ਹੈ। ਉਨ੍ਹਾਂ ਸਹੂਲਤਾਂ ਵਿੱਚ ਜਿੱਥੇ ਜਗ੍ਹਾ ਸੀਮਤ ਹੈ, ਤੁਹਾਨੂੰ ਆਪਣੇ ਅੱਗ ਲੱਗਣ ਦੇ ਜ਼ੋਖਮ ਨੂੰ ਘਟਾਉਣ ਲਈ ਹੋਰ ਤਕਨੀਕੀ (ਇੰਜੀਨੀਅਰਿੰਗ) ਨਿਯੰਤਰਣ ਉਪਾਵਾਂ ਦੀ ਵਰਤੋਂ ਕਰਨ ਦਾ ਟੀਚਾ ਰੱਖਣਾ ਚਾਹੀਦਾ ਹੈ। ਢੁੱਕਵੇਂ ਜ਼ੋਖਮ-ਆਧਾਰਿਤ ਨਿਯੰਤਰਣ ਉਪਾਵਾਂ ਨੂੰ ਨਿਰਧਾਰਤ ਕਰਨ ਵਿੱਚ ਤੁਹਾਡੀ ਮੱਦਦ ਕਰਨ ਲਈ ਆਪਣੀ ਸਹੂਲਤ-ਸਥਾਨ 'ਤੇ ਜ਼ੋਖਮ ਮੁਲਾਂਕਣ ਦੀ ਵਰਤੋਂ ਕਰੋ।

ਖ਼ਰਾਬ, ਨੁਕਸਦਾਰ ਜਾਂ ਲੀਕ ਹੋਣ ਵਾਲੀਆਂ ਲਿਥੀਅਮ ਬੈਟਰੀਆਂ ਨੂੰ ਹਮੇਸ਼ਾ ਵੱਖਰੇ ਤੌਰ 'ਤੇ ਸੁਰੱਖਿਅਤ ਅਤੇ ਪੈਕ ਕੀਤਾ ਜਾਣਾ ਚਾਹੀਦਾ ਹੈ। ਇਸ ਬਾਰੇ ਹੋਰ ਜਾਣਕਾਰੀ ਲਈ ਕਿ ਨੁਕਸਾਨੀਆਂ ਗਈਆਂ ਜਾਂ ਖ਼ਰਾਬ ਲਿਥੀਅਮ ਬੈਟਰੀਆਂ ਨੂੰ ਕਿਵੇਂ ਪੈਕ ਕਰਨਾ ਹੈ **ਪੈਕੇਜਿੰਗ ਹਿਦਾਇਤ P908** ਭਾਗ 4: ADG ਕੋਡ ਵਿੱਚ *ਪੈਕਿੰਗ, ਟੈਂਕ, ਕੰਟੇਨਰ, ਵਾਹਨ, ਅਤੇ ਉਪਕਰਣ ਪ੍ਰਬੰਧਾਂ ਨੂੰ* ਵੇਖੋ।

## ਕੂੜੇ-ਕਰਕਟ ਵਿੱਚ ਜਾਣ ਵਾਲੀਆਂ ਬੈਟਰੀਆਂ ਦਾ ਮਿਸ਼ਰਤ ਲੋਡ

ਤੁਸੀਂ ਅਕਸਰ ਕੂੜੇ ਵਿੱਚ ਜਾਣ ਵਾਲੀਆਂ ਬੈਟਰੀਆਂ ਦੇ ਮਿਸ਼ਰਤ ਲੋਡ ਪ੍ਰਾਪਤ ਅਤੇ ਪ੍ਰਬੰਧਿਤ ਕਰ ਸਕਦੇ ਹੋ। ਇੱਕ ਮਿਸ਼ਰਤ ਲੋਡ ਉਹ ਹੁੰਦਾ ਹੈ ਜਿੱਥੇ ਵੱਖ-ਵੱਖ ਕਿਸਮਾਂ ਦੀਆਂ ਹੱਥ ਵਿੱਚ ਫੜ੍ਹੇ ਜਾਣ ਵਾਲੀਆਂ ਕੂੜੇ ਵਿੱਚ ਜਾਣ ਵਾਲੀਆਂ ਬੈਟਰੀਆਂ (ਜਿਵੇਂ ਕਿ ਅਲਕਾਲਾਈਨ, ਲਿਥੀਅਮ, ਆਦਿ) ਇੱਕ ਕੰਟੇਨਰ ਵਿੱਚ ਹੁੰਦੀਆਂ ਹਨ। ਮਿਕਸਡ ਲੋਡਾਂ ਵਿੱਚ ਕਈ ਤਰ੍ਹਾਂ ਦੇ ਖ਼ਤਰੇ ਹੋ ਸਕਦੇ ਹਨ ਜੋ ਨੁਕਸਾਨ ਦੇ ਜ਼ੋਖਮ ਨੂੰ ਵਧਾ ਸਕਦੇ ਹਨ।

ADG ਕੋਡ ਲਿਥੀਅਮ ਕੂੜੇ ਵਿੱਚ ਜਾਣ ਵਾਲੀਆਂ ਬੈਟਰੀਆਂ ਵਾਲੇ ਮਿਸ਼ਰਤ ਲੋਡਾਂ ਨੂੰ ਕਲਾਸ 9 ਦੇ ਖ਼ਤਰਨਾਕ ਸਮਾਨ ਵਜੋਂ ਸ਼੍ਰੇਣੀਬੱਧ ਕਰਦਾ ਹੈ। ਇਸਦਾ ਮਤਲਬ ਹੈ ਕਿ ਜੇਕਰ ਤੁਸੀਂ ਇੱਕ ਥਾਂ ਤੋਂ ਦੂਜੀ ਥਾਂ ਲੈ ਕੇ ਜਾਣ ਲਈ ਲਿਥੀਅਮ ਬੈਟਰੀਆਂ ਨਾਲ ਮਿਸ਼ਰਤ ਲੋਡ ਪੈਕ ਕਰ ਰਹੇ ਹੋ, ਤਾਂ ਤੁਹਾਨੂੰ ADG ਕੋਡ ਵਿੱਚ ਪੈਕਿੰਗ ਨਿਰਦੇਸ਼ P908 ਦੀ ਪਾਲਣਾ ਕਰਨ ਦੀ ਲੋੜ ਹੋਵੇਗੀ।

## ਲੈਡ ਐਸਿਡ ਬੈਟਰੀਆਂ (ULAB)

ਲੈਡ ਐਸਿਡ ਬੈਟਰੀਆਂ (ULAB) ADG ਕੋਡ ਦੇ ਅਧੀਨ ਕਲਾਸ 8 (ਖੋਰੂ) ਖ਼ਤਰਨਾਕ ਚੀਜ਼ਾਂ ਹਨ। ULAB ਬੈਟਰੀਆਂ ਨੂੰ ਸੰਭਾਲਦੇ ਸਮੇਂ ਉਚਿੱਤ ਨਿੱਜੀ ਸੁਰੱਖਿਆ ਉਪਕਰਨ ਪਹਿਨੋ। ਇਸ ਵਿੱਚ ਐਸਿਡ ਰੋਧਕ ਦਸਤਾਨੇ ਅਤੇ ਸੁਰੱਖਿਆ ਚਸ਼ਮੇ, ਅਤੇ ਸੁਰੱਖਿਆ ਬੂਟ ਸ਼ਾਮਲ ਹਨ। ULAB ਭਾਰੀ

ਵੀ ਹਨ। ਤੁਹਾਡੇ ਕੋਲ ਆਪਣੀ ਸਹੂਲਤ 'ਤੇ ਉਨ੍ਹਾਂ ਨੂੰ ਚੁੱਕਣ ਅਤੇ ਸੰਭਾਲਣ ਲਈ ਪ੍ਰਕਿਰਿਆਵਾਂ ਹੋਣੀਆਂ ਚਾਹੀਦੀਆਂ ਹਨ।

ਤੁਹਾਨੂੰ ULAB ਬੈਟਰੀਆਂ ਨੂੰ ਪਲਾਸਟਿਕ ਦੇ ਪੈਲੇਟ ਉੱਪਰ ਜਾਂ ਕੰਟੇਨਰ ਵਿੱਚ ਹੋਰ ਕਿਸਮ ਦੀਆਂ ਬੈਟਰੀਆਂ ਤੋਂ ਵੱਖ ਰੱਖਣਾ ਚਾਹੀਦਾ ਹੈ। ਜੇਕਰ ਪੈਲੇਟ ਦੀ ਵਰਤੋਂ ਕਰ ਰਹੇ ਹੋ, ਤਾਂ ULAB ਬੈਟਰੀਆਂ ਨੂੰ ਬੈਟਰੀਆਂ ਦੀਆਂ ਦੋ ਤੋਂ ਵੱਧ ਪਰਤਾਂ ਨਾ ਰੱਖਣ ਦੇ ਨਾਲ ਸਿੱਧਾ ਸਟੋਰ ਕਰੋ। ਢੋਅ-ਢੁਆਈ ਲਈ, ਬੈਟਰੀਆਂ ਨੂੰ ਲਪੇਟਣ ਲਈ ਸਾਫ਼ ਪਲਾਸਟਿਕ ਸਟ੍ਰੈਚ ਰੈਪ ਦੀ ਵਰਤੋਂ ਕਰੋ ਅਤੇ ਗ਼ੈਰ-ਸੰਚਾਲਕ ਸਟ੍ਰੈਪਿੰਗ ਨਾਲ ਘੁੱਟ ਕੇ ਬੰਨ੍ਹੋ। ਤੁਹਾਨੂੰ ਹਮੇਸ਼ਾ ਉਨ੍ਹਾਂ ਪੈਲੇਟਾਂ ਜਾਂ ਕੰਟੇਨਰਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਜੋ ਚੰਗੀ ਸਥਿਤੀ ਵਿੱਚ ਹੋਣ।

## ਕੂੜਾ-ਕਰਕਟ ਵਿੱਚ ਜਾਣ ਵਾਲੀਆਂ ਬੈਟਰੀਆਂ ਦੀ ਢੋਅ-ਢੁਆਈ

ਬੈਟਰੀਆਂ ਜਿਵੇਂ ਕਿ ਲੈਡ ਐਸਿਡ, ਲਿਥੀਅਮ, ਅਤੇ ਮਿਸ਼ਰਤ ਬੈਟਰੀ ਲੋਡਾਂ ਦੀ ਪੈਕਿੰਗ ਅਤੇ ਢੋਅ-ਢੁਆਈ ਦੀਆਂ ਖ਼ਾਸ ਲੋੜਾਂ ਲਈ ADG ਕੋਡ ਵੇਖੋ। ਇਹ ਯਕੀਨੀ ਬਣਾਉਣ ਲਈ ਉਚਿੱਤ ਕਦਮ ਚੁੱਕਣਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਤੁਹਾਡੇ ਦੁਆਰਾ ਪੈਦਾ ਕੀਤਾ ਕੂੜਾ-ਕਰਕਟ ਉਸ ਸਥਾਨ 'ਤੇ ਲਿਜਾਇਆ ਅਤੇ ਪ੍ਰਾਪਤ ਕੀਤਾ ਜਾਵੇ ਜੋ ਇਸਨੂੰ ਪ੍ਰਾਪਤ ਕਰਨ ਲਈ ਅਧਿਕਾਰਤ ਹੈ।

ਲੈਡ-ਐਸਿਡ ਬੈਟਰੀਆਂ ਅਤੇ ਨਿੱਕਲ-ਕੈਡਮੀਅਮ ਬੈਟਰੀਆਂ [3] ਨੂੰ ਟ੍ਰਾਂਸਪੋਰਟ ਲਈ ਭੇਜਣ ਵੇਲੇ ਰਿਪੋਰਟ ਕਰਨ ਯੋਗ ਤਰਜੀਹੀ ਕੂੜਾ-ਕਰਕਟ ਵਜੋਂ ਸ਼੍ਰੇਣੀਬੱਧ ਕੀਤਾ ਜਾਂਦਾ ਹੈ ਅਤੇ ਵਾਧੂ ਸ਼ਰਤਾਂ ਹੁੰਦੀਆਂ ਹਨ। ਇਸ ਸਥਿਤੀ ਵਿੱਚ, ਕੂੜਾ-ਕਰਕਟ ਦਾ ਵਰਗੀਕਰਨ ਹੇਠ ਲਿਖੇ ਅਨੁਸਾਰ ਹੁੰਦਾ ਹੈ:

- ਲੈਡ-ਐਸਿਡ ਬੈਟਰੀਆਂ: ਲੈਡ ਅਤੇ ਲੈਡ ਅਧਾਰਤ ਮਿਸ਼ਰਣ, ਕੂੜਾ-ਕਰਕਟ ਕੋਡ D220।
- ਨਿੱਕਲ-ਕੈਡਮੀਅਮ ਬੈਟਰੀਆਂ: ਕੈਡਮੀਅਮ ਅਤੇ ਕੈਡਮੀਅਮ ਮਿਸ਼ਰਣ, ਕੂੜਾ-ਕਰਕਟ ਕੋਡ D150।

ਕਿਸੇ ਟ੍ਰਾਂਸਪੋਰਟਰ ਨੂੰ ਆਪਣਾ ਰਿਪੋਰਟ ਕਰਨ ਯੋਗ ਤਰਜੀਹੀ ਕੂੜਾ-ਕਰਕਟ ਦਿੰਦੇ ਸਮੇਂ, ਤੁਹਾਨੂੰ EPA ਦੇ ਔਨਲਾਈਨ ਵੇਸਟ ਟਰੈਕਰ ਡੇਟਾਬੇਸ ਵਿੱਚ ਕੂੜਾ ਲੈਣ-ਦੇਣ ਦਾ ਰਿਕਾਰਡ ਭਰਨ ਦੀ ਲੋੜ ਹੋਵੇਗੀ। ਵੇਸਟ ਟਰੈਕਰ (Waste Tracker) ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਤੁਹਾਡਾ ਕੂੜਾ ਕਿਸੇ ਕਾਨੂੰਨੀ ਥਾਂ 'ਤੇ ਲਿਜਾਇਆ ਜਾ ਰਿਹਾ ਹੈ ਅਤੇ ਉਸ ਸੁਵਿਧਾ ਕੋਲ ਉਚਿੱਤ ਢੰਗ ਨਾਲ ਲਿਜਾਇਆ ਜਾਂਦਾ ਹੈ।

ਜੇਕਰ ਤੁਸੀਂ ਕੂੜੇ-ਕਰਕਟ ਵਿੱਚ ਜਾਣ ਵਾਲੀਆਂ ਬੈਟਰੀਆਂ ਦੀ ਢੋਅ-ਢੁਆਈ ਕਰ ਰਹੇ ਹੋ, ਤਾਂ ਤੁਹਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਢੋਅ-ਢੁਆਈ ਤੋਂ ਪਹਿਲਾਂ ਈ-ਕੂੜਾ ਲੋਡ ਸੁਰੱਖਿਅਤ ਹੈ। ਤੁਹਾਨੂੰ ਨੁਕਸਾਨ ਜਾਂ ਟੁੱਟਣ ਨੂੰ ਵੀ ਘੱਟ ਕਰਨਾ ਚਾਹੀਦਾ ਹੈ। ਗ਼ੈਰ-ਜਲਣਸ਼ੀਲ ਅਤੇ ਇਲੈਕਟ੍ਰਿਕ ਤੌਰ 'ਤੇ ਗ਼ੈਰ-ਸੰਚਾਲਕ ਇੱਕ-ਦੂਜੇ ਤੋਂ ਦੂਰ ਰੱਖਣ ਵਾਲੀ (ਕੁਸ਼ਨਿੰਗ) ਸਮੱਗਰੀ ਦੀ ਵਰਤੋਂ ਕੰਬਣ ਅਤੇ ਝਟਕਿਆਂ ਦੇ ਪ੍ਰਭਾਵਾਂ ਨੂੰ ਘੱਟ ਕਰਨ ਲਈ, ਅਤੇ ਢੋਅ-ਢੁਆਈ ਦੌਰਾਨ ਪੈਕੇਜ ਦੇ ਅੰਦਰ ਸੈੱਲਾਂ ਜਾਂ ਬੈਟਰੀਆਂ ਦੇ ਹਿੱਲਣ-ਜੁੱਲਣ ਨੂੰ ਰੋਕਣ ਲਈ ਕੀਤੀ ਜਾਣੀ ਲਾਜ਼ਮੀ ਹੈ।

ਕਿਸੇ ਹੋਰ ਰਾਜ ਜਾਂ ਕੇਂਦਰੀ ਪ੍ਰਦੇਸ਼ ਵਿੱਚ "ਨਿਯੰਤਰਿਤ ਕੂੜੇ-ਕਰਕਟ" ਦੀ ਢੋਅ-ਢੁਆਈ ਨੈਸ਼ਨਲ ਰਾਸ਼ਟਰੀ ਵਾਤਾਵਰਣ ਸੁਰੱਖਿਆ ਉਪਾਅ (ਰਾਜਾਂ ਅਤੇ ਪ੍ਰਦੇਸ਼ਾਂ ਵਿਚਕਾਰ ਨਿਯੰਤਰਿਤ ਕੂੜੇ-ਕਰਕਟ ਦੀ ਢੋਅ-ਢੁਆਈ ) (National Environment Protection Measure, NEPM) ਦੁਆਰਾ ਨਿਯੰਤਰਿਤ ਕੀਤੀ ਜਾਂਦੀ ਹੈ। ਜੇਕਰ ਤੁਹਾਡੀਆਂ ਕੂੜੇ-ਕਰਕਟ ਵਿੱਚ ਜਾਣ ਵਾਲੀਆਂ ਬੈਟਰੀਆਂ ਵਿਕਟੋਰੀਆ ਤੋਂ ਬਾਹਰ ਲਿਜਾਈਆਂ ਜਾ ਰਹੀਆਂ ਹਨ, ਤਾਂ ਉਹ ਨਿਯੰਤਰਿਤ ਕੂੜਾ-ਕਰਕਟ ਹੋ ਸਕਦੀਆਂ ਹਨ।

ਨਿਯੰਤਰਿਤ ਕੂੜੇ-ਕਰਕਟ ਨੂੰ ਰਾਜ ਛੱਡਣ ਤੋਂ ਪਹਿਲਾਂ ਇੱਕ ਖੇਪ ਅਧਿਕਾਰ (consignment authorisation) ਲੈਣ ਦੀ ਲੋੜ ਹੁੰਦੀ ਹੈ। ਖੇਪ ਅਧਿਕਾਰ ਪ੍ਰਾਪਤ ਕਰਨ ਵਾਲੀ ਸਹੂਲਤ ਵਿੱਚ ਕੂੜੇ-ਕਰਕਟ ਦੀ ਢੋਅ-ਢੁਆਈ ਨੂੰ ਮੰਨਜ਼ੂਰੀ ਦਿੰਦਾ ਹੈ। ਨਿਯੰਤਰਿਤ ਕੂੜੇ-ਕਰਕਟ ਦੀ ਸੂਚੀ ਲਈ NEPM ਦੀ ਅਨੁਸੂਚੀ A ਅਤੇ B ਵੇਖੋ।

ਜੇਕਰ ਨਿਯੰਤਰਿਤ ਕੂੜਾ-ਕਰਕਟ ਵਿਕਟੋਰੀਆ ਤੋਂ ਕਿਸੇ ਹੋਰ ਰਾਜ ਜਾਂ ਖੇਤਰ ਵਿੱਚ ਜਾ ਰਿਹਾ ਹੈ ਤਾਂ ਤੁਹਾਨੂੰ EPA ਵਿਕਟੋਰੀਆ ਦੀ ਕੂੜਾ-ਕਰਕਟ ਟਰੈਕਿੰਗ ਪ੍ਰਣਾਲੀ ਅਤੇ ਇੱਕ ਆਗਿਆ ਪ੍ਰਾਪਤ ਵਾਹਨ ਦੀ ਵਰਤੋਂ ਕਰਨੀ ਪਵੇਗੀ। ਤੁਸੀਂ ਵੇਸਟ ਟਰੈਕਰ ਵਿੱਚ ਆਪਣੇ ਜਾਰੀ ਕੀਤੇ ਖੇਪ ਦੇ ਅਧਿਕਾਰ ਦਾ ਰਿਕਾਰਡ ਨੱਥੀ ਕਰਨ ਦੇ ਯੋਗ ਹੋਵੋਗੇ ਤਾਂ ਜੋ ਇਹ ਪੁਸ਼ਟੀ ਕੀਤੀ ਜਾ ਸਕੇ ਕਿ ਤੁਹਾਡਾ ਕੂੜਾ ਕਿਸੇ ਕਾਨੂੰਨੀ ਸਥਾਨ 'ਤੇ ਲਿਜਾਇਆ ਜਾ ਰਿਹਾ ਹੈ।

ਖੇਪ ਅਧਿਕਾਰ ਲੈਣ ਲਈ ਅਰਜ਼ੀ ਦੇਣ ਅਤੇ ਉਨ੍ਹਾਂ ਦੀਆਂ ਕੂੜੇ-ਕਰਕਟ ਨੂੰ ਟਰੈਕ ਕਰਨ ਦੀਆਂ ਲੋੜਾਂ ਨੂੰ ਸਮਝਣ ਲਈ ਵਧੇਰੇ ਸਲਾਹ ਲਈ ਸੰਬੰਧਿਤ ਰਾਜ ਜਾਂ ਪ੍ਰਦੇਸ਼ ਦੀ ਵਾਤਾਵਰਣ ਏਜੰਸੀ ਨਾਲ ਸੰਪਰਕ ਕਰੋ।

[3] ਘੱਟ ਮਾਤਰਾ ਵਿੱਚ ਲੈਡ-ਐਸਿਡ ਜਾਂ ਨਿੱਕਲ-ਕੈਡਮੀਅਮ ਬੈਟਰੀਆਂ ਨੂੰ ਸੰਭਾਲਣ ਵਾਲੇ ਕਾਰੋਬਾਰਾਂ ਲਈ, ਕਿਰਪਾ ਕਰਕੇ ਇਨ੍ਹਾਂ ਦੋ ਕਿਸਮਾਂ ਦੀਆਂ ਬੈਟਰੀਆਂ ਲਈ ਵੇਸਟ ਟਰੈਕਰ ਦੀ ਵਰਤੋਂ ਬਾਰੇ EPA ਦੀਆਂ ਉਮੀਦਾਂ ਬਾਰੇ ਤਾਜ਼ਾ ਜਾਣਕਾਰੀ ਲਈ EPA ਦੀ ਵੈੱਬਸਾਈਟ ਵੇਖੋ।

## ਕੂੜੇ-ਕਰਕਟ ਵਿੱਚ ਜਾਣ ਵਾਲੀਆਂ ਬੈਟਰੀਆਂ ਦੀ ਸਟੋਰੇਜ ਅਤੇ ਪ੍ਰਬੰਧਨ - ਦਿਸ਼ਾ-ਨਿਰਦੇਸ਼

| | |
|---|---|
| ਹੋਰ ਜਾਣਕਾਰੀ | ਆਸਟ੍ਰੇਲੀਆਈ ਰਾਜਧਾਨੀ ਖੇਤਰ: http://www.environment.act.gov.au/ ਅਤੇ http://www.act.gov.au/<br>ਨਿਊ ਸਾਊਥ ਵੇਲਜ਼: https://www.epa.nsw.gov.au/ ਅਤੇ https://www.nsw.gov.au/<br>ਨੋਰਦਰਨ ਟੈਰੀਟਰੀ: https://ntepa.nt.gov.au/home/ ਅਤੇ https://nt.gov.au/<br>ਕੁਈਨਜ਼ਲੈਂਡ: http://www.ehp.qld.gov.au/ ਅਤੇ https://www.qld.gov.au/<br>ਸਾਊਥ ਆਸਟ੍ਰੇਲੀਆ: http://www.epa.sa.gov.au/ ਅਤੇ http://www.sa.gov.au/<br>ਤਸਮਾਨੀਆ: http://epa.tas.gov.au/ ਅਤੇ http://www.tas.gov.au/<br>ਵੈਸਟਰਨ ਆਸਟ੍ਰੇਲੀਆ: http://www.epa.wa.gov.au/ ਅਤੇ https://www.wa.gov.au/ |

## ਹੋਰ ਜਾਣਕਾਰੀ ਪੜ੍ਹਨ ਲਈ

ਆਸਟ੍ਰੇਲੀਅਨ ਬੈਟਰੀ ਰੀਸਾਈਕਲਿੰਗ ਪਹਿਲਕਦਮੀ ਦਿਸ਼ਾ-ਨਿਰਦੇਸ਼

ਸੜਕ ਅਤੇ ਰੇਲ ਦੁਆਰਾ ਖ਼ਤਰਨਾਕ ਸਮਾਨ ਦੀ ਆਵਾਜਾਈ ਲਈ ਆਸਟ੍ਰੇਲੀਆਈ ਕੋਡ (Australian Code for the Transport of Dangerous Goods by Road and Rail)(ADG ਕੋਡ)

ਅਭਿਆਸ ਕੋਡ: ਖ਼ਤਰਨਾਕ ਚੀਜ਼ਾਂ ਦੀ ਸਟੋਰੇਜ ਅਤੇ ਹੈਂਡਲਿੰਗ 2013 (Code for Practice-Storage and Handling of Dangerous Goods 2013)

ਖ਼ਤਰਨਾਕ ਵਸਤੂਆਂ (ਸਟੋਰੇਜ ਅਤੇ ਹੈਂਡਲਿੰਗ) ਰੈਗੂਲੇਸ਼ਨਜ਼ 2012

ਕਿੱਤਾਮੁਖੀ ਸਿਹਤ ਅਤੇ ਸੁਰੱਖਿਆ ਐਕਟ ਅਤੇ ਨਿਯਮ

ਪਾਲਣਾ ਕੋਡ: ਖ਼ਤਰਨਾਕ ਮੈਨੂਅਲ ਹੈਂਡਲਿੰਗ (WorkSafe Victoria)

ਨਮੂਨਾ ਲਿਥੀਅਮ-ਆਇਨ ਸੁਰੱਖਿਆ ਡੇਟਾ ਸ਼ੀਟ (40 ਵੋਲਟ ਲਿਥੀਅਮ-ਆਇਨ ਬੈਟਰੀ ਪੈਕ)

*AS/NZS* 5377 ਬਿਜਲੀ ਅਤੇ ਇਲੈਕਟ੍ਰਾਨਿਕ ਉਪਕਰਨਾਂ ਨੂੰ ਇਕੱਠਾ ਕਰਨਾ, ਸਟੋਰੇਜ, ਟ੍ਰਾਂਸਪੋਰਟ ਅਤੇ ਜੀਵਨ ਅੰਤ ਦੀ ਪ੍ਰਕਿਰਿਆ।

AS/NZS 4681 ਕਲਾਸ 9 (ਫੁਟਕਲ) ਖ਼ਤਰਨਾਕ ਸਮਾਨ ਅਤੇ ਚੀਜ਼ਾਂ ਦੀ ਸਟੋਰੇਜ ਅਤੇ ਪ੍ਰਬੰਧਨ।

AS/NZS 3833 ਪੈਕੇਜਾਂ ਅਤੇ ਦਰਮਿਆਨੇ ਆਕਾਰ ਦੇ ਬਲਕ ਕੰਟੇਨਰਾਂ ਵਿੱਚ ਖ਼ਤਰਨਾਕ ਸਮਾਨ ਦੀਆਂ ਮਿਸ਼ਰਤ ਸ਼੍ਰੇਣੀਆਂ ਦੀ ਸਟੋਰੇਜ ਅਤੇ ਪ੍ਰਬੰਧਨ।

AS 3780 ਖੋਰੂ ਪਦਾਰਥਾਂ ਦੀ ਸਟੋਰੇਜ ਅਤੇ ਪ੍ਰਬੰਧਨ।

Environment Protection Authority Victoria
GPO BOX 4395 Melbourne VIC 3001
1300 372 842 (1300 EPA VIC) **epa.vic.gov.au**